**ਬੀ.ਏ. ਭਾਗ ਤੀਜਾ** **ਫਿਲਾਸਫੀ**

**ਸਮੈਸਟਰ-ਪੰਜਵਾਂ** **ਪੱਛਮੀ ਦਰਸ਼ਨ ਸ਼ਾਸਤਰ ਦੀ ਹਿਸਟਰੀ**

**ਯੂਨਿਟ ਨੰਬਰ : 2**


**ਡਿਸਟੈਂਸ ਐਜੂਕੇਸ਼ਨ ਵਿਭਾਗ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**



**(ਸਭ ਹੱਕ ਰਾਖਵੇਂ ਹਨ)**


**ਪਾਠ ਨੰ:**


**2.1 : ਬੁੱਧੀਵਾਦ (Rationalism)**

**2.2 : ਅਨੁਭਵਵਾਦ (Empiricism)**

**2.3 : ਅੰਤਰ ਦ੍ਰਿਸ਼ਟੀਵਾਦ (Intutionism)**

**2.4 : ਅਸਤਿਤਵਵਾਦ ਦੇ ਬੁਨਿਆਦੀ ਸੰਕਲਪ (Existentialism)**

**2.5 : ਤਾਰਕਿਕ ਪ੍ਰਤੱਖਵਾਦ (Logical Positivism)**

ਬੀ.ਏ. ਭਾਗ ਤੀਜਾ — ਫਿਲਾਸਫੀ

ਪਰਚਾ ਏ

ਪਾਠ ਨੰ. 2.1 — ਲੇਖਕ : ਪ੍ਰੋ.ਜੀ.ਐਸ. ਸੰਧੂ

# ਬੁੱਧੀਵਾਦ (Rationalism)

## ਬਣਤਰ

2.1.1 ਜਾਣ-ਪਹਿਚਾਣ

2.1.2 ਤਰਕ-ਬੁੱਧੀ ਦੀ ਮੁੱਖ ਰੂਪ ਵਿਚ ਤਿੰਨ ਕਿਸਮ ਦੇ ਮੁੱਖ ਕੰਮ

2.1.3 ਤਰਕ-ਬੁੱਧੀ ਵਾਦ ਹੇਠ ਲਿਖੇ ਸਿਧਾਂਤਾਂ ਉਪਰ ਅਧਾਰਤ ਹੈ:-

2.1.4 ਤਰਕ-ਬੁੱਧੀਵਾਦੀ ਦਾਰਸ਼ਨਿਕਾਂ ਦੇ ਵਿਚਾਰ

2.1.5 ਡੇਕਾਰਟੇ ਦਾ ਵਿਚਾਰ

2.1.6 ਸਪੀਨੋਜ਼ਾ ਦਾ ਤਰਕ-ਬੁੱਧੀਵਾਦ

2.1.7 ਲਾਇਨਬੀਜ਼ ਦਾ ਤਰਕ-ਬੁੱਧੀਵਾਦੀ ਸਿਧਾਂਤ

2.1.8 ਆਲੋਚਨਾ

2.1.9 ਆਪਣੇ ਗਿਆਨ ਦੀ ਪਰਖ ਕਰੋ

## 2.1.1 ਜਾਣ-ਪਹਿਚਾਣ

ਦਰਸ਼ਨ ਸ਼ਾਸ਼ਤਰ ਦੀ ਇਕ ਸਮੱਸਿਆ ਸ਼ੁੱਧ ਗਿਆਨ ਪ੍ਰਾਪਤ ਕਰਨ ਦੀ ਹੈ। ਜੋ ਇਹ ਕਾਰਜ ਵਿਧੀ ਪੂਰਵਕ ਕਰਦਾ ਹੈ। ਵਿਗਿਆਨ ਦੀ ਤਰ੍ਹਾਂ ਇਹ ਕੇਵਲ ਕਿਸੇ ਇਕ ਵਿਧੀ ਦਾ ਸਹਾਰਾ ਨਹੀਂ ਲੈਂਦਾ ਸਗੋਂ ਦਰਸ਼ਨ ਦੀਆਂ ਅਨੇਕਾਂ ਵਿਧੀਆਂ ਹਨ। ਹਰੇਕ ਵਿਧੀ ਵਿਚ ਗੁਣ ਦੋਸ਼ ਹੋਣਾ ਸੁਭਾਵਿਕ ਹੈ। ਦਰਸ਼ਨ ਸ਼ਾਸ਼ਤਰ ਦੇ ਖੇਤਰ ਵਿੱਚ ਹੇਠ ਲਿਖੀਆਂ ਵਿਧੀਆਂ ਦੀ ਵਰਤੋਂ ਕੀਤੀ ਗਈ ਹੈ :-

**1.** ਅਨੁਭਵਵਾਦ

**2.** ਬੁੱਧੀਵਾਦ

**3.** ਅੰਤਰ-ਦ੍ਰਿਸ਼ਟੀਵਾਦ

**4.** ਵਿਸ਼ਲੇਸ਼ਣਾਤਮਕ ਵਿਧੀ

**5.** ਸੰਸਲੇਸ਼ਣਾਤਮਕ ਵਿਧੀ

**6.** ਦਵੰਦਾਤਮਕ ਵਿਧੀ

ਇਥੇ ਸਾਡੀ ਚਰਚਾ ਕੇਵਲ ਤਰਕਵਾਦ ਤੱਕ ਹੀ ਸੀਮਤ ਰਹੇਗੀ। ਤਰਕਵਾਦ ਇਕ ਅਜਿਹਾ ਗਿਆਨ ਮੀਮਾਂਸਕ ਸਿਧਾਂਤ ਹੈ ਜੋ ਬੁੱਧੀ ਨੂੰ ਗਿਆਨ ਦਾ ਇਕੋ ਇਕ ਸੋਮਾ ਤੇ ਪ੍ਰਮਾਣ ਮੰਨਦਾ ਹੈ। ਬੁੱਧੀ ਵਿਚ ਵਿਚਾਰਨ ਦੀ ਇਕ ਸ਼ਕਤੀ ਹੈ

ਜਿਸਦਾ ਮੁੱਖ ਕੰਮ ਚਿੰਤਨ ਕਰਨਾ ਅਤੇ ਅਨੁਮਾਨ ਦੁਆਰਾ ਸਿੱਟੇ ਤੇ ਪਹੁੰਚਣਾ ਹੈ। ਤਰਕ ਸ਼ੁੱਧ ਰੂਪ ਨਾਲ ਇਕ ਮਾਨਸਿਕ ਪ੍ਰਕ੍ਰਿਆ ਹੈ। ਇਸ ਵਿਚ ਕੋਈ ਸੰਦੇਹ ਨਹੀਂ ਕਿ ਅਸੀਂ ਬੁੱਧੀ ਦੀ ਵਰਤੋਂ ਨਾਲ ਗਿਆਨ ਪ੍ਰਾਪਤ ਕਰਦੇ ਹਾਂ। ਪ੍ਰੰਤੂ ਤਰਕ ਬੁੱਧੀਵਾਦੀ ਕਹਿੰਦੇ ਹਨ ਕਿ ਬੁੱਧੀ ਗਿਆਨ ਦੇ ਕੇਵਲ ਸਾਧਨ ਹੈ ਸਮੁੱਚਾ ਗਿਆਨ ਤਰਕ ਤੇ ਆਧਾਰਿਤ ਹੈ। ਤਰਕ ਹੀ ਗਿਆਨ ਦੀ ਸਚਾਈ ਦਾ ਪ੍ਰਮਾਣ ਤਿਆਰ ਕਰਦਾ ਹੈ।

### 2.1.2 ਤਰਕ ਬੁੱਧੀ ਦੇ ਮੁੱਖ ਰੂਪ ਵਿੱਚ ਤਿੰਨ ਕਿਸਮ ਦੇ ਕੰਮ ਹਨ

1. ਪ੍ਰਾਅਨੁਭਵਿਕ ਕਾਰਜ (Apriori)
2. ਅਨੁਮਾਨ (Inference)
3. ਪ੍ਰਾਅਨੁਭਵਿਕ ਸੱਚ (A priori truths)

### 1. ਪ੍ਰਾਅਨੁਭਵਿਕ ਕਾਰਜ

ਇਸ ਦੇ ਅਨੁਸਾਰ ਬੁੱਧੀ ਅਨੁਭਵ ਦੁਆਰਾ ਪ੍ਰਾਪਤ ਗਿਆਨ ਨੂੰ ਵਿਵਸਥਿਤ ਕਰਦੀ ਹੈ। ਸਾਡੇ ਮਨ ਵਿੱਚ ਬੁੱਧੀ ਆਰੰਭ ਪਹਿਲਾਂ ਹੀ ਮੌਜੂਦ ਹੁੰਦੀ ਹੈ ਤਾਂ ਹੀ ਉਹ ਅਨੁਭਵ ਦੇ ਕੰਮ ਦਾ ਸੰਚਾਰ ਕਰ ਸਕਦੀ ਹੈ। ਇਹ ਉਸਦਾ ਪ੍ਰਾਅਨੁਭਵਿਕ ਕੰਮ ਹੈ ਜਿਸਨੂੰ ਕਾਂਟ ਦੱਸਦਾ ਹੈ।

### 2. ਅਨੁਮਾਨ

ਇਹ ਉਹ ਪ੍ਰਕ੍ਰਿਆ ਹੈ ਜਿਸ ਵਿਚ ਤਰਕ ਵਿਚਾਰਾਂ ਦੀ ਤੁਲਨਾ ਕਰਦਾ ਹੈ ਅਤੇ ਉਨ੍ਹਾਂ ਤੋਂ ਕੋਈ ਸਿੱਟਾ ਕੱਢਦਾ ਹੈ। ਇਹ ਸਿੱਟਾ ਆਪਣੇ ਆਪ ਵਿੱਚ ਨਵਾਂ ਗਿਆਨ ਪ੍ਰਦਾਨ ਕਰਦਾ ਹੈ।

### 3. ਪ੍ਰਾਅਨੁਭਵਿਕ ਸੱਚ (A priori Truth)

ਬੁੱਧੀ ਅਜਿਹੇ ਸੱਚ ਕੱਢਦੀ ਹੈ ਜੋ ਆਪਣੇ ਨਿਯਮਾਂ ਤੇ ਆਧਾਰਿਤ ਹੁੰਦੇ ਹਨ ਅਤੇ ਉਨ੍ਹਾਂ ਨੂੰ ਸਿੱਧ ਕਰਨ ਦੀ ਲੋੜ ਨਹੀਂ ਹੁੰਦੀ। ਇਹ ਸੱਚ ਖੁਦ ਸਪੱਸ਼ਟ ਜਾਂ ਸਵੈ-ਸਿੱਧੀਆਂ ਹਨ। ਇਹ ਸੱਚ ਅਜਿਹਾ ਗਿਆਨ ਪ੍ਰਦਾਨ ਕਰਦੇ ਹਨ ਜੋ ਸਾਡੇ ਅਨੁਭਵ ਤੋਂ ਪਹਿਲਾਂ ਆਉਂਦਾ ਹੈ। ਇਹ ਗਣਿਤ ਸ਼ਾਸ਼ਤਰ ਅਤੇ ਤਰਕ ਸ਼ਾਸ਼ਤਰ ਦੇ ਖੇਤਰ ਵਿੱਚ ਪ੍ਰਾਪਤ ਹੈ।

### 2.1.3 ਤਰਕ ਬੁੱਧੀਵਾਦ ਹੇਠ ਲਿਖੇ ਸਿਧਾਂਤਾਂ ਉਪਰ ਆਧਾਰਿਤ

1. ਸਾਰਾ ਗਿਆਨ ਤਰਕ ਬੁੱਧੀ ਤੇ ਆਧਾਰਿਤ ਹੈ। ਗਿਆਨ ਸਦਾ ਨਿਸ਼ਚਿਤ, ਵਿਆਪਕ ਅਤੇ ਜ਼ਰੂਰੀ ਹੋਣਾ ਚਾਹੀਦਾ ਹੈ। ਅਜਿਹਾ ਗਿਆਨ ਕੇਵਲ ਤਰਕ ਬੁੱਧੀ ਨਾਲ ਹੀ ਪ੍ਰਾਪਤ ਹੋ ਸਕਦਾ ਹੈ।
2. ਬੁੱਧੀ ਦੇ ਵਿਚਾਰ ਅਤੇ ਸਿਧਾਂਤ ਸਾਡੇ ਮਨ ਵਿੱਚ ਜਨਮ ਤੋਂ ਹੀ ਮੌਜੂਦ ਹੁੰਦੇ ਹਨ ਇਨ੍ਹਾਂ ਨੂੰ ਅਨੁਭਵ ਦੁਆਰਾ ਸਿਖਣ ਦੀ ਲੋੜ ਨਹੀਂ।
3. ਤਰਕ ਬੁੱਧੀ ਗਿਆਨ ਦੀ ਸਚਾਈ ਦਾ ਅੰਤਮ ਪ੍ਰਮਾਣ ਹੈ। ਅਨੁਭਵ ਆਪਣੇ ਆਪ ਨੂੰ ਸਿੱਧ ਨਹੀਂ ਕਰ ਸਕਦਾ ਉਸਨੂੰ ਸਿੱਧ ਕਰਨ ਲਈ ਤਰਕ ਦੀ ਲੋੜ ਪੈਂਦੀ ਹੈ। ਤਰਕ ਤੋਂ ਬਿਨਾਂ ਸੱਚ ਦਾ ਨਿਰਧਾਰਨ ਅਸੰਭਵ ਹੈ।
4. ਤਰਕ ਬੁੱਧੀ ਦੁਆਰਾ ਹੀ ਅਸੀਂ ਕੁਝ ਪਰਾਅਨੁਭਵਿਕ ਸੱਚ ਗ੍ਰਹਿਣ ਕਰਦੇ ਹਾਂ ਜੋ ਸਵੈ-ਸਿੱਧੀਆਂ ਹਨ।
5. ਤਰਕ ਬੁੱਧੀਵਾਦ ਅਨੁਸਾਰ ਗਿਆਨ ਨਿਗਮਨ ਦੀ ਵਿਧੀ ਦੁਆਰਾ ਪ੍ਰਾਪਤ ਹੁੰਦਾ ਹੈ। ਇਹ ਆਗਮਨ ਦੀ ਵਿਧੀ ਨੂੰ ਅੰਤ ਵਿਚ ਨਿਗਮਨ ਤੇ ਆਧਾਰਿਤ ਕਰਦਾ ਹੈ। ਬੁੱਧੀਜੀਵੀਆਂ ਦੇ ਸਾਰੇ ਸਿੱਟੇ ਮੌਲਿਕ ਸਚਾਈਆਂ

ਤੋਂ ਕੱਢੀਆਂ ਗਈਆਂ ਸਚਾਈਆਂ ਹਨ। ਇਨ੍ਹਾਂ ਸਿੱਟਿਆਂ ਵਿੱਚ ਨਿਗਮਾਨਤਮਕ ਵਿਧੀ ਦੁਆਰਾ ਕੇਵਲ ਅਕਾਰਗਤ ਸਚਾਈ ਹੁੰਦੀ ਹੈ। ਅਰਥਾਤ ਇਹ ਸਿਟੇ ਵਿਸ਼ਲੇਸ਼ਣਾਤਮਕ ਤਰਕਵਾਕ ਹੀ ਹੁੰਦੇ ਹਨ ਜੋ ਸੰਸਾਰ ਦੀਆਂ ਵਾਸਤਵਿਕ ਸਥਿਤੀਆਂ ਉਤੇ ਲਾਗੂ ਨਹੀਂ ਹੁੰਦੇ।

## 2.1.4 ਤਰਕ ਬੁੱਧੀਵਾਦੀ ਦਾਰਸ਼ਨਿਕਾਂ ਦੇ ਵਿਚਾਰ

ਤਰਕ ਬੁੱਧੀਵਾਦ ਦਾ ਵਿਕਾਸ ਆਧੁਨਿਕ ਯੁੱਗ ਦੇ ਆਰੰਭ ਵਿਚ ਡੇਕਾਰਟੇ ਦੇ ਫਲਸਫ਼ੇ ਤੋਂ ਹੋਇਆ ਹੈ ਅਤੇ ਇਹ ਪ੍ਰਕ੍ਰਿਆ ਸਪਾਇਨੋਜ਼ਾ ਦੇ ਦਰਸ਼ਨ ਤੋਂ ਲੰਘ ਕੇ ਲਾਇਬਨੀਜ਼ ਦੇ ਸਿਧਾਂਤ ਤੇ ਪਹੁੰਚਦੀ ਹੈ। ਭਾਵੇਂ ਇਨ੍ਹਾਂ ਦਾਰਸ਼ਨਿਕਾਂ ਦੇ ਤੱਤ ਵਿਗਿਆਨ ਵਿੱਚ ਬਹੁਤ ਅੰਤਰ ਹੈ ਜਿਵੇਂ ਡੇਕਾਰਟੇ ਮੁੱਖ ਤੌਰ ਤੇ ਦੋ ਮੂਲ ਤੱਤਾਂ- ਮਨ ਅਤੇ ਪਦਾਰਥ ਨੂੰ ਮੰਨਦਾ ਹੈ ਅਤੇ ਸਪਾਇਨੋਜ਼ਾ ਕੇਵਲ ਇਕ ਮੂਲ ਤੱਤ ਨੂੰ ਹੀ ਵਾਸਤਵਿਕਤਾ ਮੰਨਦਾ ਹੈ, ਪ੍ਰੰਤੂ ਲਾਇਬਨੀਜ਼ ਅਨੇਕ ਮੂਲ ਤੱਤਾਂ ਵਿਚ ਵਿਸ਼ਵਾਸ ਰੱਖਦਾ ਹੈ। ਪ੍ਰੰਤੂ ਇਹਨਾਂ ਦੀ ਗਿਆਨ ਮੀਮਾਂਸਾ ਵਿੱਚ ਵੱਡੀ ਸਮਾਨਤਾ ਇਹ ਹੈ ਕਿ ਸਾਰੇ ਦਾਰਸ਼ਨਿਕ ਤਰਕ ਬੁੱਧੀ ਨੂੰ ਗਿਆਨ ਦਾ ਆਧਾਰ ਮੰਨਦੇ ਹਨ ਅਤੇ ਦਾਰਸ਼ਨਿਕ ਸਿੱਟੇ ਨਿਗਨਾਤਮਕ ਵਿਧੀ ਦੁਆਰਾ ਕੱਢਦੇ ਹਨ।

## 2.1.5 ਡੇਕਾਰਟੇ ਦਾ ਵਿਚਾਰ

ਰੇਨੇ ਡੇਕਾਰਟੇ ਨੂੰ ਬੁੱਧੀਵਾਦ ਅਤੇ ਆਧੁਨਿਕ ਦਰਸ਼ਨ ਸ਼ਾਸ਼ਤਰ ਦਾ ਪਿਤਾ ਕਿਹਾ ਜਾਂਦਾ ਹੈ ਕਿਉਂਕਿ ਉਸਨੇ ਆਪਣੇ ਸ਼ਕ ਦੀ ਵਿਧੀ (Method of Doubts) ਰਾਹੀਂ ਨਾ ਕੇਵਲ ਲੰਮੇ ਸਮੇਂ ਤੋਂ ਮੁਰਝਾਏ ਦਾਰਸ਼ਨਿਕ ਚਿੰਤਨ ਨੂੰ ਮੁੜ-ਸੁਰਜੀਤ ਕੀਤਾ ਬਲਕਿ ਗਿਆਨ ਦੇ ਖੇਤਰ ਵਿੱਚ ਇਕ ਨਵਾਂ ਅਧਿਆਇ ਵੀ ਸ਼ੁਰੂ ਕੀਤਾ। ਡੇਕਾਰਟੇ ਦ੍ਰਤ ਦੀ ਸਮਸਿਆ ਨੂੰ ਹੱਲ ਕਰਨ ਤੋਂ ਪਹਿਲਾ ਗਿਆਨ ਬਾਰੇ ਚਿੰਤਨ ਕਰਦਾ ਹੈ ਉਸਦਾ ਵਿਸ਼ਵਾਸ ਹੈ ਕਿ ਗਿਆਨ ਨੂੰ ਦ੍ਰਿੜ, ਪੱਕਾ, ਯਕੀਨੀ ਤੇ ਸ਼ਕ ਤੋਂ ਰਹਿਤ ਹੋਣਾ ਚਾਹੀਦਾ ਹੈ। ਉਸ ਅਨੁਸਾਰ ਸਾਰਾ ਗਿਆਨ ਗਣਿਤ-ਸ਼ਾਸ਼ਤਰ ਜਾਂ ਅੰਕੜਾ ਵਿਗਿਆਨ ਵਰਗਾ ਹੋਣਾ ਚਾਹੀਦਾ ਹੈ ਕਿਉਂਕਿ ਇਹ ਗਿਆਨ ਸਵੈ-ਸਿੱਧ ਤੇ ਨਿਰਪੇਖ ਹੁੰਦਾ ਹੈ।

ਡੇਕਾਰਟੇ ਅਨੁਸਾਰ ਕੇਵਲ ਬੁੱਧੀ ਹੀ ਅਜਿਹੇ ਗਿਆਨ ਦਾ ਸਾਧਨ ਹੋ ਸਕਦੀ ਹੈ। ਅਜਿਹੇ ਗਿਆਨ ਦੀ ਨੀਂਹ ਬਣਾਉਣ ਲਈ ਉਸਨੇ ਆਪਣੇ ਆਪ ਲਈ ਕੁਝ ਨਿਯਮ ਬਣਾਏ ਜੋ ਇੰਜ ਹਨ :-

1. ਮੈਂ ਅਜਿਹੀ ਕਿਸੀ ਵੀ ਧਾਰਨਾ ਨੂੰ ਸਵੀਕਾਰ ਨਹੀਂ ਕਰਾਂਗਾ ਜਦ ਤੱਕ ਮੈਨੂੰ ਉਸਦੇ ਸੱਚ ਹੋਣ ਦਾ ਸਪੱਸ਼ਟ ਗਿਆਨ ਨਹੀਂ ਹੁੰਦਾ।
2. ਜੋ ਵੀ ਮੁਸ਼ਕਿਲਾਂ ਮੇਰੀ ਜਾਂਚ ਦਾ ਵਿਸ਼ਾ ਹੋਣਗੀਆਂ, ਮੈਂ ਉਨ੍ਹਾਂ ਨੂੰ ਜਿੰਨੇ ਭਾਗਾਂ ਵਿੱਚ ਵੰਡ ਸਕਿਆ, ਵੰਡਾਗਾਂ ਭਾਵ ਉਨ੍ਹਾਂ ਭਾਗਾਂ ਵਿੱਚ ਵੰਡਾਂਗਾ ਜਿਹਨਾਂ ਭਾਗਾਂ ਨਾਲ ਉਸਦਾ ਸਹੀ ਹੱਲ ਹੋ ਸਕੇ।
3. ਮੈਂ ਆਪਣਾ ਅਧਿਐਨ ਸਰਲ ਰੱਖਾਂਗਾ ਤੇ ਹੌਲੀ ਹੌਲੀ ਕਠਨ ਵਿਸ਼ਿਆਂ ਤੱਕ ਪੁਜਾਂਗਾ।
4. ਮੈਂ ਆਪਣੀ ਧਾਰਨਾ ਵਿੱਚ ਉਦਾਹਰਨਾਂ ਨੂੰ ਵਿਆਪਕ ਰੱਖਾਂਗਾ ਜਿਸ ਨਾਲ ਕੋਈ ਵੀ ਪੱਖ ਨਜ਼ਰ-ਅੰਦਾਜ਼ ਨਾ ਹੋ ਸਕੇ।

ਡੇਕਾਰਟੇ ਨੂੰ ਅਜਿਹੇ ਗਿਆਨ ਦੀ ਭਾਲ ਸੀ ਜਿਸ ਉਪਰ ਸ਼ੱਕ ਨਾ ਕੀਤਾ ਜਾ ਸਕੇ। ਅਜਿਹਾ ਗਿਆਨ ਬੁੱਧੀ ਰਾਹੀਂ ਹੀ ਸੰਭਵ ਹੈ। ਉਹ ਹਰ ਸਿੱਟੇ ਤੇ ਸ਼ੱਕ ਕਰਦਾ ਸੀ ਸ਼ੱਕ ਦੇ ਬਿਨਾਂ ਉਸਨੂੰ ਕੁਝ ਵੀ ਨਾ ਮਿਲਿਆ। ਉਹ ਕਹਿੰਦਾ ਹੈ ਕਿ ਕੁਝ ਵੀ ਬਿਨਾਂ ਸ਼ਕ ਨਹੀਂ ਪਰ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਮੈਂ ਸ਼ੱਕ ਕਰ ਰਿਹਾ ਹਾਂ। ਕੇਵਲ ਇਹੀ ਤੱਥ ਬਿਨਾਂ ਸ਼ੱਕ ਹੈ ਕਿਉਂਕਿ ਮਨੁੱਖ ਆਪਣੀ ਆਤਮਾ ਤੋਂ ਇਨਕਾਰ ਨਹੀਂ ਕਰ ਸਕਦਾ। ਇੰਜ ਡੇਕਾਰਟੇ ਆਤਮਾ ਦੀ ਹੋਂਦ ਨੂੰ ਸਿੱਧ ਕਰਦਾ ਹੈ। ਡੇਕਾਰਟੇ ਅਨੁਸਾਰ ਮੈਂ ਸ਼ੱਕ ਕਰ ਰਿਹਾ ਹਾਂ ਅਤੇ ਸ਼ੱਕ ਕਰਨ ਤੋਂ ਭਾਵ ਸੋਚਣਾ (Doubting is to thinking) ਤੇ ਸੋਚਣ ਦਾ ਅਰਥ ਹੈ ਮੈਂ ਹਾਂ ਕਿਉਂਕਿ ਮੇਰੀ ਹੋਂਦ ਤਾਂ ਹੀ ਹੈ ਜੇਕਰ ਮੈਂ

ਇਸ ਬਾਰੇ ਸੋਚ ਰਿਹਾ ਹਾਂ। ਇੰਜ ਸ਼ੱਕ ਕਰਨਾ ਸੋਚਣਾ ਤੇ ਸੋਚਦਾ ਹੀ ਹੋਣਾ ਹੈ।(Doubting is thinking and thinking is to be) ਇੰਜ ਡੇਕਾਰਟੇ ਇਹ ਨਤੀਜਾ ਕੱਢਦਾ ਹੈ ਕਿ- ਮੈਂ ਸੋਚਦਾ ਹਾਂ ਇਸ ਲਈ ਮੈਂ ਹਾਂ (I think, therefore I am) ਇਸ ਕਥਨ ਨੂੰ ਉਹ ਆਪਣੀ ਭਾਸ਼ਾ ਵਿਚ ਕੋਜਿਟੋ-ਅਰਗੋ-ਸਮ (Cogito-Ergo-sum) ਕਹਿੰਦਾ ਹੈ।

ਇਸ ਸਬੰਧ ਵਿਚ ਉਹ ਇਕ ਗਿਆਨ ਮੀਮਾਂਸਕ ਸਿੱਟਾ ਦਿੰਦਾ ਹੈ-ਜੋ ਵੀ ਸਪੱਸ਼ਟ ਤੇ ਨਿਸ਼ਚਿਤ ਹੈ, ਉਹ ਸੱਚ ਹੈ। ਇਸ ਗਿਆਨ ਦੀ ਨੀਂਹ ਦੇ ਆਧਾਰ ਤੇ ਉਹ ਆਪਣੇ ਦਵੈਤਵਾਦ ਨੂੰ ਵੀ ਸਿੱਧ ਕਰਦਾ ਹੈ।

## 2.1.6 ਸਪਾਇਨੋਜ਼ਾ ਦਾ ਤਰਕ ਬੁੱਧੀਵਾਦ

ਡੇਕਾਰਟੇ ਵਾਂਗ ਸਪਾਇਨੋਜ਼ਾ ਵੀ ਦ੍ਰਵ ਦੀ ਸਮੱਸਿਆ ਪ੍ਰਤੀ ਪਹਿਲਾਂ ਗਿਆਨ ਮੀਮਾਂਸਕ ਸਿੱਟਾ ਕੱਢਦਾ ਹੈ। ਇਸ ਅਨੁਸਾਰ ਗਿਆਨ ਬੁੱਧੀ ਤੋਂ ਹੀ ਹੋ ਸਕਦਾ ਹੈ। ਉਹ ਆਪਣੇ ਵਿਚਾਰ ਆਪਣੀ ਪ੍ਰਸਿੱਧ ਪੁਸਤਕ ''ਐਥਿਕਸ'' (Ethics) ਦੇ ਦੂਕੇ ਭਾਗ ਵਿਚ ਦਿੰਦਾ ਹੈ ਜਿਥੇ ਡੇਕਾਰਟੇ ਗਣਿਤ ਨੂੰ ਦ੍ਰਿੜ ਗਿਆਨ ਦਾ ਖੇਤਰ ਮੰਨਦਾ ਹੈ, ਸਪਾਇਨੋਜ਼ਾ ਰੇਖਾ-ਗਣਿਤ ਦੇ ਨਿਯਮਾਂ ਨੂੰ ਵਧੇਰੇ ਸਵੈ-ਸਿੱਧ ਮੰਨਦਾ ਹੈ।

ਸਪਾਇਨੋਜ਼ਾ ਅਨੁਸਾਰ ਸੰਸਾਰ ਦੀ ਸਭ ਵਸਤੂਆਂ ਰੇਖਾ-ਗਣਿਤ ਦੇ ਨਿਯਮਾਂ ਵਾਂਗ ਆਪਣੇ ਸਥਾਨ ਤੇ ਹਨ ਜਿਵੇ ਹਰ ਨਿਯਮ ਤਾਰਕਿਕ ਤੌਰ ਤੇ ਦੂਜੇ ਨਿਯਮ ਨਾਲ ਜੁੜਿਆ ਹੁੰਦਾ ਹੈ ਉਸੇ ਤਰ੍ਹਾਂ ਹਰ ਵਸਤੂ ਦੂਸਰੀਆਂ ਵਸਤੂਆਂ ਨਾਲ ਨਿਸ਼ਚਿਤ ਤੌਰ ਤੇ ਸਬੰਧਤ ਹੁੰਦੀ ਹੈ। ਸੰਸਾਰ ਦੀ ਸਮੁੱਚੀ ਪ੍ਰਣਾਲੀ ਇਕ ਦਮ ਨਿਸ਼ਚਿਤ ਹੈ ਤੇ ਉਸ ਵਿੱਚ ਕੋਈ ਪਰਿਵਰਤਨ ਸੰਭਵ ਨਹੀਂ ਕਿਉਂਕਿ ਅਜਿਹਾ ਕਰਨਾ ਸਾਰੇ ਨਿਯਮਾਂ ਨੂੰ ਭੰਗ ਕਰਨਾ ਹੈ ਅਤੇ ਅਜਿਹਾ ਅਸੰਭਵ ਹੈ। ਉਸ ਅਨੁਸਾਰ ਸੰਸਾਰ ਦੀਆਂ ਵਸਤਾਂ ਵਿੱਚ ਇਕ ਤਾਰਕਿਕ ਸੰਬੰਧ ਹੈ, ਉਨ੍ਹਾਂ ਵਿੱਚ ਇਕ ਤਰਕ ਜ਼ਰੂਰਤ ਹੈ। ਜਿਸ ਕਾਰਨ ਉਹ ਇਕ ਦੂਜੀ ਨਾਲ ਬੰਨ੍ਹੀਆਂ ਹੋਈਆਂ ਹਨ। ਭਾਵ ਸਭ ਵਸਤੂਆਂ ਵਿੱਚ ਤਰਕ ਹੈ ਜਾਂ ਤਰਕ ਹਰ ਸਥਾਨ ਤੇ ਮੌਜੂਦ ਹੈ। ਉਸ ਦੇ ਇਸ ਵਿਸ਼ਵਾਸ਼ ਨੂੰ ਸਵੈਂ-ਤਰਕਵਾਦ (Pan-Logism) ਕਹਿੰਦੇ ਹਨ। ਸਭ ਵਸਤੂਆਂ ਵਿੱਚ ਤਾਰਕਿਕ ਸੰਬੰਧ ਨੂੰ ਜਾਣ ਲੈਣਾ ਹੀ ਅਸਲੀ ਗਿਆਨ ਹੈ, ਜੋ ਕੇਵਲ ਬੁੱਧੀ ਰਾਹੀਂ ਹੀ ਸੰਭਵ ਹੈ।

## 2.1.7 ਲਾਇਬਨੀਜ਼ ਦਾ ਤਰਕ ਬੁੱਧੀਵਾਦੀ ਸਿਧਾਂਤ

ਲਾਇਬਨੀਜ਼ ਤਰਕ ਬੁੱਧੀਵਾਦ ਦਾ ਆਖਰੀ ਦਾਰਸ਼ਨਿਕ ਸੀ ਤੇ ਉਸਨੂੰ ਆਪਣੇ ਸਿਟਿਆਂ ਰਾਹੀਂ ਬੁੱਧੀਵਾਦ ਦੇ ਸਿਧਾਂਤ ਨੂੰ ਸੰਪੂਰਨ ਬਣਾਇਆ। ਉਸ ਅਨੁਸਾਰ ਗਿਆਨ ਕੇਵਲ ਬੁੱਧੀ ਰਾਹੀ ਹੀ ਹੁੰਦਾ ਹੈ। ਜਿੱਥੇ ਡੇਕਾਰਟੇ ਮੰਨਦਾ ਸੀ ਕਿ ਕੇਵਲ ਕੁਝ ਵਿਚਾਰ ਜਨਮ-ਜਾਤ ਹੁੰਦੇ ਹਨ। ਉਥੇ ਲਾਇਬਨੀਜ਼ ਕਹਿੰਦਾ ਹੈ ਕਿ ਸਾਰੇ ਵਿਚਾਰ ਜਨਮ-ਜਾਤ ਹੁੰਦੇ ਹਨ ਅਤੇ ਸਾਡਾ ਗਿਆਨ ਇਨ੍ਹਾਂ ਉਪਰ ਨਿਰਭਰ ਹੁੰਦਾ ਹੈ। ਕਹਿੰਦਾ ਹੈ ਕਿ ਜਨਮ ਸਮੇਂ ਮਨੁੱਖ ਦਾ ਮਨ ਇਕ ਸੰਗਮਰਮਰ ਦਾ ਟੁਕੜਾ ਹੁੰਦਾ ਹੈ ਜਿਸਦੇ ਰੇਸ਼ਿਆਂ ਵਿੱਚ ਵਿਚਾਰ ਹੁੰਦੇ ਹਨ ਤੇ ਸਮੇ ਅਨੁਸਾਰ ਇਹ ਉਮੜ ਕੇ ਬਾਹਰ ਆਉਂਦੇ ਹਨ। ਇੰਝ ਸਾਡਾ ਸਾਰਾ ਗਿਆਨ ਪਹਿਲਾਂ ਤੋਂ ਹੀ ਅਦ੍ਰਿਸ਼ਟ ਤੇ ਅਪ੍ਰਤੱਖ ਰੂਪ ਵਿੱਚ ਸਾਡੇ ਮਨ ਵਿੱਚ ਮੌਜੂਦ ਹੁੰਦਾ ਹੈ।

ਜਨਮ ਸਮੇਂ ਹੀ ਹਰ ਮਨੁੱਖ ਦੇ ਮਨ ਵਿੱਚ ਸਮੁੱਚੇ ਗਿਆਨ ਦੀ ਸਮੱਗਰੀ ਮੌਜੂਦ ਹੁੰਦੀ ਹੈ। ਇਹ ਕੇਵਲ ਮਨੁੱਖ ਦਾ ਮਨ ਹੀ ਹੁੰਦਾ ਹੈ ਜੋ ਗਿਆਨ ਨੂੰ ਪ੍ਰਾਪਤ ਕਰਦਾ ਹੈ। ਜਦੋਂ ਲਾਕ ਨੇ ਕਿਹਾ ਕਿ ਬੁੱਧੀ ਵਿੱਚ ਅਜਿਹਾ ਕੁਝ ਵੀ ਨਹੀਂ ਜੋ ਪਹਿਲਾਂ ਗਿਆਨ ਇੰਦਰੀਆਂ ਵਿੱਚ ਨਾ ਹੋਵੇ ਤਾਂ ਉਸਦੇ ਜਵਾਬ ਵਿੱਚ ਲਾਇਬਨੀਜ਼ ਨੇ ਕਿਹਾ ਕਿ ਬੁੱਧੀ ਵਿੱਚ ਸਿਵਾਇ ਬੁੱਧੀ ਦੇ ਅਜਿਹਾ ਕੁਝ ਵੀ ਨਹੀਂ ਜੋ ਪਹਿਲਾਂ ਗਿਆਨ ਇੰਦਰੀਆਂ ਵਿੱਚ ਹੋਵੇ। ਬੁੱਧ, ਆਪਣੇ ਆਪ ਵਿੱਚ ਸੰਪੂਰਨ ਹੈ। ਜਿਥੇ ਲਾਕ ਕਹਿੰਦਾ ਹੈ ਕਿ ਮਨੁੱਖ ਦਾ ਮਨ ਜਨਮ ਸਮੇਂ ਕੋਰੀ ਸਲੇਟ ਹੁੰਦਾ ਹੈ ਤੇ ਗਿਆਲ ਇੰਦਰੀਆਂ ਉਨ੍ਹਾਂ ਪਹਿਲਾਂ ਅੱਖਰ ਲਿਖਦੀਆਂ ਹਨ ਉਥੇ ਲਾਇਬਨੀਜ਼ ਦਾ ਕਹਿਣਾ ਹੈ ਕਿ ਗਿਆਨ ਜਨਮ-ਜਾਤ ਅਤੇ ਅੰਦਰੂਨੀ

ਹੁੰਦਾ ਹੈ।

### 2.1.8 ਆਲੋਚਨਾ :-

ਭਾਵੇ ਬੁੱਧੀਵਾਦੀਆਂ ਨੇ ਕਈ ਦਲੀਲਾਂ ਦੇ ਕੇ ਇਹ ਸਾਬਤ ਕੀਤਾ ਹੈ ਕਿ ਗਿਆਨ ਦੀ ਸਾਧਨਾ ਕੇਵਲ ਬੁੱਧੀ ਹੀ ਹੈ ਪ੍ਰੰਤੂ ਫਿਰ ਵੀ ਅਜਿਹੀਆਂ ਦਲੀਲਾਂ ਵਿੱਚ ਕਈ ਵਿਰੋਧਤਾਵਾਂ ਪਾਈਆਂ ਜਾਂਦੀਆਂ ਹਨ ਜੋ ਇੰਜ ਹਨ :-

### 1. ਕੋਰੀ ਬੁੱਧੀ ਗਿਆਨ ਦਾ ਸਾਧਨ ਨਹੀਂ ਹੋ ਸਕਦੀ

ਬੁੱਧੀਵਾਦੀ ਗਿਆਨ ਦਾ ਸਾਧਨ ਕੇਵਲ ਤੇ ਕੇਵਲ ਬੁੱਧੀ ਜਾਂ ਤਰਕ ਨੂੰ ਮੰਨਦੇ ਹਨ। ਇਹ ਗੱਲ ਕਿਸੇ ਹੱਦ ਤਕ ਤਰਕ-ਸੰਗਤ ਹੈ। ਪ੍ਰੰਤੂ ਕੇਵਲ ਬੁੱਧੀ ਨੂੰ ਹੀ ਗਿਆਨ ਦਾ ਸਾਧਨ ਮੰਨਣਾ ਠੀਕ ਨਹੀਂ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਗਿਆਨ ਇੰਦਰੀਆਂ ਦੁਆਰਾ ਪ੍ਰਾਪਤ ਗਿਆਨ ਨੂੰ ਬੁੱਧੀ ਨਿਖਾਰਦੀ ਹੈ ਪ੍ਰੰਤੂ ਫਿਰ ਵੀ ਬੁੱਧੀ ਗਿਆਨ ਇੰਦਰੀਆਂ ਰਾਹੀਂ ਮਿਲੀ ਜਾਣਕਾਰੀ ਤੇ ਆਧਾਰਿਤ ਹੈ ਬਿਨ੍ਹਾਂ ਅਨੁਭਵ ਦੇ ਬੁੱਧੀ ਕੋਈ ਵੀ ਸਿੱਟਾ ਨਹੀਂ ਕੱਢ ਸਕਦੀ। ਗਿਆਨ-ਨਿਰਮਾਨ ਵਿੱਚ ਬੁੱਧੀ ਦੇ ਇਲਾਵਾ ਮੁੱਢਲਾ ਰੋਲ ਗਿਆਨ ਇੰਦਰੀਆਂ ਦਾ ਹੈ।

### 2. ਕੋਈ ਜਨਮ-ਜਾਤ ਵਿਚਾਰ ਨਹੀਂ

ਲਾਕ ਨੇ ਡੇਕਾਰਟੇ ਅਤੇ ਲਾਇਬਨੀਜ਼ ਦੀ ਇਸ ਦਲੀਲ ਦਾ ਜ਼ੋਰਦਾਰ ਖੰਡਨ ਕੀਤਾ ਕਿ ਵਿਚਾਰ ਜਨਮ-ਜਾਤ ਹੁੰਦੇ ਹਨ। ਉਸ ਅਨੁਸਾਰ ਜੇਕਰ ਅਜਿਹਾ ਹੁੰਦਾ ਤਾਂ ਬੱਚਿਆਂ ਤੇ ਪਾਗਲਾਂ ਨੂੰ ਵੀ ਆਮ ਇਨਸਾਨਾਂ ਵਰਗਾ ਗਿਆਨ ਹੁੰਦਾ। ਬੁੱਧੀਵਾਦੀਆਂ ਅਨੁਸਾਰ ਗਿਆਨ ਅੰਦਰੂਨੀ ਅਨੁਭਵ-ਪੂਰਵ ਹੁੰਦਾ ਹੈ। ਪ੍ਰੰਤੂ ਗਿਆਨ ਅੰਦਰੂਨੀ ਨਹੀਂ ਹੁੰਦਾ ਬਲਕਿ ਉਸਦਾ ਸਰੂਪ ਅੰਦਰੂਨੀ ਹੁੰਦਾ ਹੈ। ਇਹ ਸਰੂਪ ਗਿਆਨ ਇੰਦਰੀਆਂ ਰਾਹੀਂ ਬਾਹਰੀ ਹੁੰਦਾ ਹੈ। ਜੇਕਰ ਵਿਚਾਰ ਜਨਮ-ਜਾਤ ਹੁੰਦੇ ਤਾਂ ਅਨਪੜ੍ਹ ਤੇ ਉਜੜ ਵਿਅਕਤੀਆਂ ਨੂੰ ਵੀ ਪੜ੍ਹੇ ਲਿਖੇ ਇਨਸਾਨਾਂ ਦੇ ਬਰਾਬਰ ਦਾ ਗਿਆਨ ਹੁੰਦਾ ਹੈ। ਸੋ ਬੁੱਧੀਵਾਦੀਆਂ ਦੀ ਇਹ ਦਲੀਲ ਤਰਕ ਸੰਗਤ ਨਹੀਂ।

### 3. ਨਿਗਮਨ ਆਗਮਨ ਤੇ ਨਿਰਭਰ ਹੈ

ਇਹ ਦੋਵੇਂ ਤਰਕ ਸ਼ਾਸ਼ਤਰ ਵਿਚ ਅਨੁਮਾਨ ਦੀਆਂ ਵੱਖ-ਵੱਖ ਪ੍ਰਕ੍ਰਿਆਵਾਂ ਹਨ। ਨਿਗਮਨ ਵਿੱਚ ਬਿਨਾਂ ਕਿਸੇ ਗਿਆਨ-ਇੰਦਰੀਆਂ ਦੇ ਅਨੁਮਾਨ ਲਗਾਇਆ ਜਾਂਦਾ ਹੈ ਜਿਵੇਂ 2+2=4 ਹੁੰਦੇ ਹਨ ਜਾਂ ਸਾਰੇ ਮਨੁਖ ਜੀਵ ਹਨ, ਰਾਮ ਇਕ ਮਨੁੱਖ ਹੈ, ਸੋ ਰਾਮ ਇਕ ਜੀਵ ਹੈ। ਇਹ ਸਿੱਟਾ ਨਿਗਮਨਤਾਮਕ ਹੈ। ਪ੍ਰੰਤੂ ਦੋ ਅਤੇ ਦੋ ਦੇ ਜੋੜ ਦਾ ਵਿਚਾਰ ਸਭ ਤੋਂ ਪਹਿਲਾ ਸਾਡੀਆਂ ਗਿਆਨ ਇੰਦਰੀਆਂ ਰਾਹੀਂ ਸਾਡੇ ਮਨ ਅੰਦਰ ਗਿਆ। ਇੰਜ ਹੀ ਮਨੁੱਖ ਤੇ ਜੀਵ ਦਾ ਵਿਚਾਰ ਸਾਡੇ ਪਹਿਲਾਂ ਦੇ ਪ੍ਰਤੱਖੀਕਰਨ ਤੇ ਆਧਾਰਰਿਤ ਹੈ। ਜੋ ਕੁਝ ਵੀ ਬੁੱਧੀ ਵਿਚ ਹੈ ਉਹ ਪਹਿਲਾਂ ਗਿਆਨ-ਇੰਦਰੀਆਂ ਰਾਹੀਂ ਉਥੇ ਪਹੁੰਚਿਆ।

### 4. ਕੇਵਲ ਸੋਚਣਾ ਹੀ ਹੋਣਾ ਨਹੀਂ

ਡੇਕਾਰਟੇ ਇਹ ਸਾਬਤ ਕਰਦਾ ਹੈ ਕਿ ਮੈਂ ਸੋਚਦਾ ਹਾਂ ਇਸ ਲਈ ਮੈਂ ਹਾਂ। ਭਾਵ ਮੈਨੂੰ ਮੇਰਾ ਗਿਆਨ ਤਕ ਹੀ ਹੁੰਦਾ ਜੇ ਮੈਂ ਇਸ ਬਾਰੇ ਸੋਚਦਾ ਜਾਂ ਚੇਤੰਨ ਹੁੰਦਾ ਹਾਂ। ਪ੍ਰੰਤੂ ਅਸਤਿਤਵਵਾਦੀਆਂ ਦਾ ਕਹਿਣਾ ਹੈ ਕਿ ਮਨੁੱਖ ਆਪਣੇ ਆਪ ਵਿੱਚ ਸੋਚਣ ਤੋਂ ਪਹਿਲਾਂ ਵੀ ਹੁੰਦਾ ਹੈ ਭਾਵ ਜੇਕਰ ਉਹ ਪਹਿਲਾਂ ਤੋਂ ਅਸਤਿਤੱਵ ਰੱਖਦਾ ਹੈ ਤਕ ਹੀ ਉਹ ਸੋਚ ਸਕਦਾ ਹੈ। ਇਸ ਲਈ ਸੋਚਣਾ ਮਨੁੱਖ ਦੀ ਹੋਂਦ ਤੇ ਨਿਰਭਰ ਹੈ ਨਾ ਕਿ ਉਸਦੀ ਹੋਂਦ ਉਸਦੇ ਸੋਚਣ ਤੇ। ਅਸਤਿਤੱਵਵਾਦੀ ਡੇਕਾਰਟੇ ਦੇ ਕਥਨ ਨੂੰ ਇੰਜ ਬਦਲਦੇ ਹਨ। ਮੈਂ ਸੋਚਦਾ ਹਾਂ ਇਸ ਲਈ ਮੈਂ ਹਾਂ ਨੂੰ ਉਹ ਇੰਜ ਬਦਲਦੇ ਹਨ ਮੈਂ ਹਾਂ ਇਸ ਲਈ ਮੈਂ ਸੋਚਦਾ ਹਾਂ।

### 5. ਗਿਆਨ ਅੰਦਰੂਨੀ ਨਹੀਂ ਸਗੋਂ ਬਾਹਰੀ ਹੁੰਦਾ ਹੈ

ਅਨੁਭਵਵਾਦੀ ਬੁੱਧੀਵਾਦੀ ਦੇ ਇਸ ਮੱਤ ਦਾ ਵਿਰੋਧ ਕਰਦੇ ਹਨ ਕਿ ਗਿਆਨ ਅੰਦਰੂਨੀ ਹੁੰਦਾ ਕਿਉਂਕਿ ਲਾਕ ਦਾ ਵਿਚਾਰ ਹੈ ਕਿ ਸਾਨੂੰ ਸਾਰਾ ਗਿਆਨ ਵਿਚਾਰਾਂ ਦੇ ਰੂਪ ਵਿੱਚ ਬਾਹਰੀ ਵਸਤਾਂ ਦੇ ਸੰਪਰਕ ਵਿੱਚ ਆਉਣ ਤੋਂ ਮਿਲਦਾ ਹੈ। ਸਾਡਾ ਮਨ ਜਨਮ ਸਮੇਂ ਕੋਰੀ ਸਲੇਟ ਦੀ ਤਰ੍ਹਾਂ ਹੁੰਦਾ ਹੈ। ਜੇ ਗਿਆਨ ਅੰਦਰੂਨੀ ਹੁੰਦਾ ਤਾਂ ਸਭ ਨੂੰ ਸਾਡਾ ਗਿਆਨ ਹੋਣਾ ਸੀ ਪਰ ਅਜਿਹਾ ਨਹੀਂ ਹੈ। ਜੇ ਗਿਆਨ ਅੰਦਰੂਨੀ ਹੁੰਦਾ ਤਾਂ ਉੱਤਰੀ ਭਾਰਤ ਦੇ ਪਹਾੜੀ ਲੋਕਾਂ ਦਾ ਗਿਆਨ ਦੱਖਣੀ ਭਾਰਤ ਦੇ ਸਮੁੰਦਰੀ ਕੰਢੇ ਵਸੇ ਲੋਕਾਂ ਦੇ ਗਿਆਨ ਵਰਗਾ ਹੋਣਾ ਸੀ ਪਰ ਦੋਹਾਂ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੈ। ਸੋ ਗਿਆਨ ਅੰਦਰੂਨੀ ਨਹੀਂ, ਬਾਹਰੀ ਹੁੰਦਾ ਹੈ।

### 6. ਤਰਕ ਬੁੱਧੀ ਦੇ ਸਰੂਪ ਵਿਚ ਦੋਸ਼

ਬੁੱਧੀਵਾਦੀਆਂ ਨੇ ਗਿਆਨ ਨੂੰ ਅੰਦਰੂਨੀ ਤੇ ਬੁੱਧੀ ਰਾਹੀਂ ਹੀ ਪੈਦਾ ਹੋਇਆ ਸਾਬਤ ਕਰਨ ਲਈ ਬੁੱਧੀ ਜਾਂ ਤਰਕ ਦਾ ਜੋ ਸਰੂਪ ਦਿਖਾਇਆ ਹੈ ਉਹ ਤਰਕ ਸੰਗਤ ਨਹੀਂ। ਹੈਨਰੀ ਬਰਗਸ਼ਾਂ ਜੋ ਇਕ ਸਹਿਜ-ਗਿਆਨੀਵਾਦੀ ਸੀ, ਇਸ ਤੇ ਕਾਫ਼ੀ ਇਤਰਾਜ਼ ਕਰਦਾ ਹੈ ਕਿਉਂਕਿ ਬੁੱਧੀਵਾਦੀ ਬੁੱਧੀ ਨੂੰ ਹੀ ਇਕ ਆਤਮ ਨਿਰਭਰ ਸ਼ਕਤੀ ਦਾ ਦਰਜਾ ਦਿੰਦੇ ਹਨ। ਪ੍ਰੰਤੂ ਅਸਲੀਅਤ ਇਹ ਹੈ ਕਿ ਬੁੱਧੀ ਬਹੁਤ ਹੱਦ ਤਕ ਗਿਆਨ ਇੰਦਰੀਆਂ ਤੇ ਨਿਰਭਰ ਹੈ। ਗਿਆਨ ਇੰਦਰੀਆਂ ਵੀ ਸੰਭਾਵੀ ਗਿਆਨ ਹੁੰਦੀਆਂ ਹਨ, ਦੋਸ਼ਪੂਰਨ ਹੈ। ਇਸ ਤਰ੍ਹਾਂ ਬੁੱਧੀ ਰਾਹੀਂ ਗਿਆਨ-ਇੰਦਰੀਆਂ ਤੋਂ ਪ੍ਰਾਪਤ ਗਿਆਨ ਵੀ ਦੋਸ਼ਪੂਰਨ ਹੋ ਸਕਦਾ ਹੈ।

## 2.1.9 ਪ੍ਰਸ਼ਨ

1. ਬੁੱਧੀਵਾਦ 2. ਅਨੁਭਵ-ਪੂਰਵਕ
3. ਨਿਗਮਨ 4. ਜਨਮ-ਜਾਤ ਵਿਚਾਰ
5. ਕੋਜਿਟੋ-ਅਰਗੋ-ਸਮ 6. ਤਾਰਕਿਕ ਜ਼ਰੂਰਤ
7. ਸਰਵ ਤਰਕਵਾਕ 8. ਅਕਾਰਗਤ ਸਚਾਈ

## ਵੱਡੇ ਪ੍ਰਸ਼ਨ

1. ਬੁੱਧੀ ਦੀ ਗਿਆਨ ਦੇ ਸਿਧਾਂਤ ਤੇ ਤੌਰ ਤੇ ਚਰਚਾ ਕਰੋ।
2. ਬੁੱਧੀਵਾਦ ਦੀ ਪਰਿਭਾਸ਼ਾ ਦਿਉ। ਇਸ ਨਾਲ ਸੰਬੰਧਤ ਦਾਰਸ਼ਨਿਕ ਵਿਚਾਰਾਂ ਦੀ ਵਿਆਖਿਆ ਕਰੋ।

## 2.1.10 ਵਧੇਰੇ ਜਾਣਕਾਰੀ ਲਈ ਪਾਠ ਪੁਸਤਕਾਂ ਦੀ ਸੂਚੀ

(i) ਇਵਿੰਗ ਈਸ਼ੂਜ ਇਨ ਫਿਲਸਾਫੀ :-ਟਾਇਟਸ
(ii) 20 ਸੈਂਚਰੀ ਫਿਲਾਸਫੀ : ਐ. ਜੇ. ਏਅਰ
(iii) ਪਛੱਮੀ ਦਰਸ਼ਨ ਦਾ ਇਤਿਹਾਸ : ਬੀ. ਐਮ. ਰਾਏ ਭੱਲਾ, ਆਰ, ਡੀ.ਨਿਰਾਕਾਰੀ
(vi) ਹਿਸਟਰੀ ਆਫ ਵੈਸਟਰਨ ਫਿਲਾਸਫੀ: ਫਰੈਂਕ ਥਿਲੀ

**ਪਾਠ ਨੰ. 2.2** **ਲੇਖਕ : ਪ੍ਰੋ.ਜੀ.ਐਸ. ਸੰਧੂ**

# ਅਨੁਭਵਵਾਦ (Empiricism)

**ਬਣਤਰ**

2.2.1 ਜਾਣ-ਪਹਿਚਾਣ

2.2.2 ਅਨੁਭਵਵਾਦੀ ਦਾਰਸ਼ਨਿਕਾਂ ਦੀ ਵਿਚਾਰਧਾਰਾ

2.2.2.1 ਜੋਹਾਨ ਲੋਕ ਦਾ ਅਨੁਭਵਵਾਦ

2.2.2.2 ਬਰਕਲ ਦਾ ਅਨੁਭਵਵਾਦ ਸਿਧਾਂਤ

2.2.2.3 ਡੇਵਿਡ ਹਿਊਮ ਦਾ ਅਨੁਭਵਵਾਦ ਸਿਧਾਂਤ

2.2.3 ਆਲੋਚਨਾ

2.2.4 ਸਿੱਟਾ

2.2.5 ਆਪਣੇ ਗਿਆਨ ਦੀ ਪਰਖ ਕਰੋ

## 2.2.1 ਜਾਣ-ਪਹਿਚਾਣ

ਦਰਸ਼ਨ ਸ਼ਾਸ਼ਤਰ ਦੀਆਂ ਸਮੱਸਿਆਵਾਂ ਵਿਚੋਂ ਇਕ ਬਹੁੱਤ ਵੱਡੀ ਸਮੱਸਿਆ ਸ਼ੁੱਧ ਗਿਆਨ ਪ੍ਰਾਪਤ ਕਰਨ ਦੀ ਹੈ। ਗਿਆਨ ਦੇ ਸ੍ਰੋਤ, ਸ਼ੁੱਧਤਾ ਪ੍ਰਤੀ ਵੱਖ-ਵੱਖ ਦਾਰਸ਼ਨਿਕਾਂ ਦੇ ਵੱਖੋ-ਵੱਖ ਵਿਚਾਰ ਹਨ। ਅਨੁਭਵਵਾਦ ਮੁੱਖ ਤੌਰ ਤੇ ਗਿਆਨ-ਮੀਮਾਂਸਾ ਦਾ ਇਕ ਸਿਧਾਂਤ ਹੈ। ਇਹ ਸਿਧਾਂਤ ਕੇਵਲ ਗਿਆਨ ਦੇ ਸੋਮੇ ਦੀ ਵਿਆਖਿਆ ਹੀ ਨਹੀਂ ਕਰਦਾ ਸਗੋਂ ਸ਼ੁੱਧ ਗਿਆਨ ਲਈ ਪ੍ਰਮਾਣ ਵੀ ਨਿਰਧਾਰਿਤ ਕਰਦਾ ਹੈ। ਅਨੁਭਵਵਾਦ ਅਨੁਸਾਰ ਗਿਆਨ ਦਾ ਇਕੋ ਇਕ ਸੋਮਾ ਇੰਦਰੀ ਅਨੁਭਵ ਹੀ ਹੈ ਅਤੇ ਇਸ ਤੋਂ ਇਲਾਵਾ ਗਿਆਨ ਕਿਸੇ ਹੋਰ ਸ੍ਰੋਤ ਰਾਹੀ ਪੈਦਾ ਨਹੀਂ ਹੋ ਸਕਦਾ। ਇਹ ਸਿਧਾਂਤ ਅਨੁਭਵ ਨੂੰ ਹੀ ਗਿਆਨ ਦੀ ਸਚਾਈ ਦਾ ਪ੍ਰਮਾਣ ਬਣਾਉਂਦਾ ਹੈ।

## 2.2.2 ਇਸ ਸਿਧਾਂਤ ਦੀ ਵਿਆਖਿਆ ਇਹਨਾਂ ਗੱਲਾਂ ਉੱਤੇ ਆਧਾਰਿਤ ਕੀਤੀ ਜਾ ਸਕਦੀ ਹੈ :

1. ਗਿਆਨ ਦਾ ਇਕੋ ਇਕ ਸੋਮਾ ਇੰਦਰੀ-ਅਨੁਭਵ ਹੀ ਹੈ।
2. ਮਨੁੱਖ ਦੇ ਮਨ ਵਿੱਚ ਕੋਈ ਜਨਮ-ਜਾਤ ਵਿਚਾਰ ਅਤੇ ਗਿਆਨ ਨਹੀਂ ਹੋ ਸਕਦਾ।
3. ਸਚਾਈ ਦਾ ਅੰਤਮ ਪ੍ਰਮਾਣ ਇੰਦਰੀ ਅਨੁਭਵ ਹੀ ਹੈ।
4. ਗਿਆਨ ਸ਼ੁੱਧ ਰੂਪ ਨਾਲ ਬਾਹਰੀ ਹੈ।
5. ਅਨੁਭਵਵਾਦ ਦੇ ਅਨੁਸਾਰ ਗਿਆਨ ਆਗਮਨਾਤਮਿਕ ਵਿਧੀ ਤੇ ਨਿਰਭਰ ਹੈ।
6. ਵਾਸਤਵਿਕ ਜਗਤ ਬਾਰੇ ਸਾਡਾ ਸਮੁੱਚਾ ਗਿਆਨ ਸੰਭਾਵੀ ਹੈ ਜੋ ਕਦੇ ਵੀ ਅੰਤਮ ਨਹੀਂ ਹੁੰਦਾ।

## 1. ਗਿਆਨ ਦਾ ਸੋਮਾ (Source of knowlege)

ਅਨੁਭਵਵਾਦ ਦੇ ਅਨੁਸਾਰ ਸਮੁੱਚੇ ਗਿਆਨ ਦਾ ਸੋਮਾ ਅਨੁਭਵ ਹੈ ਅਤੇ ਉਹ ਅਨੁਭਵ ਇੰਦਰੀ-ਅਨੁਭਵ ਹੈ। ਇਸ ਲਈ ਇੰਦਰੀ ਅਨੁਭਵ ਤੋਂ ਇਲਾਵਾ ਕਿਸੇ ਹੋਰ ਅਨੁਭਵ ਨੂੰ ਗਿਆਨ ਦਾ ਸੋਮਾ ਨਹੀਂ ਮੰਨਦਾ। ਭਾਵੇਂ ਮਨੁੱਖ ਦੇ ਮਨ ਵਿਚ ਹੋਰ ਕੋਈ ਅਨੁਭਵ ਪੈਦਾ ਹੋ ਸਕਦੇ ਹਨ ਪ੍ਰੰਤੂ ਉਨ੍ਹਾਂ ਤੋਂ ਪੈਦਾ ਹੋਇਆ ਗਿਆਨ ਸੱਚ ਨਹੀਂ ਹੁੰਦਾ ਜਿਵੇਂ ਧਾਰਮਿਕ ਅਨੁਭਵ ਮਿੱਥਿਆ ਹੈ। ਜਦੋਂ ਅਸੀਂ ਸੰਸਾਰ ਦੀਆ ਵਸਤੂਆਂ ਨੂੰ ਵੇਖਦੇ ਹਾਂ ਤਾ ਇਸ ਸੰਪਰਕ ਨਾਲ ਗਿਆਨ ਇੰਦਰੀਆਂ ਵਿੱਚ ਉਤੇਜਨਾ ਪੈਂਦਾ ਹੁੰਦੀ ਹੈ ਅਤੇ ਮਨ ਵਿਚ ਅਨੁਭਵ ਦੀ ਪ੍ਰਕ੍ਰਿਆ ਪੈਦਾ ਹੁੰਦੀ ਹੈ। ਇਹ ਸੰਵੇਦਨਾਂ ਬਾਹਰੀ ਗਿਆਨ ਦਿੰਦੀ ਹੈ। ਪ੍ਰੰਤੂ ਜਦੋਂ ਇਹ ਸੰਵੇਦਨਾ ਪ੍ਰਤੱਖੀਕਰਨ ਦਾ ਰੂਪ ਧਾਰਨ ਕਰ ਲੈਂਦੀ ਹੈ ਤਾ ਸ਼ੁੱਧ ਗਿਆਨ ਪੈਦਾ ਹੁੰਦਾ ਹੈ ਜਿਵੇਂ ਲਾਲ ਰੰਗ ਦੀ ਸੰਵੇਦਨਾ ਕਿਸੇ ਵਸਤੂ ਦਾ ਗਿਆਨ ਦਿੰਦੀ ਹੈ। ਅਨੁਭਵਾਦੀ ਇਹ ਕਹਿੰਦੇ ਹਨ ਕਿ ਗਿਆਨ ਵਸਤਾਂ ਤੋਂ ਪ੍ਰਾਪਤ ਸੰਵੇਦਨਾਵਾਂ ਤੇ ਨਿਰਭਰ ਹੈ ਪ੍ਰੰਤੂ ਇਹ ਇਕ ਗਲਤ ਸਿਧਾਂਤ ਹੈ। ਕੁਝ ਤਾਂਤਰਿਕ ਅਨੁਭਵਵਾਦੀ ਸੰਵੇਦਨਾਵਾਂ ਦੀ ਸੱਚਾਈ ਨੂੰ ਅੰਤਿਮ ਪ੍ਰਮਾਣ ਮੰਨਦੇ ਹਨ।

## 2. ਜਮਾਂਦਰੂ ਵਿਚਾਰਾਂ ਦਾ ਖੰਡਨ (Refutation of innate ideas)

ਅਨੁਭਵਵਾਦ ਕਹਿੰਦਾ ਹੈ ਕਿ ਸਮੁੱਚਾ ਗਿਆਨ ਅਨੁਭਵ ਨਾਲ ਪੈਦਾ ਹੁੰਦਾ ਹੈ। ਗਿਆਨ ਕਿਸੇ ਜਮਾਂਦਰੂ ਵਿਚਾਰ ਤੇ ਨਿਰਭਰ ਨਹੀਂ ਹੁੰਦਾ ਤੇ ਨਾ ਹੀ ਅਜਿਹੇ ਜਮਾਂਦਰੂ ਵਿਚਾਰ ਹੁੰਦੇ ਹਨ। ਕੁਝ ਦਾਰਸ਼ਨਿਕ ਜਿਵੇਂ ਬੁੱਧੀਵਾਦੀ ਇਹ ਮੰਨਦੇ ਹਨ ਕਿ ਸਾਡਾ ਗਿਆਨ ਜਮਾਂਦਰੂ ਵਿਚਾਰਾਂ ਦੇ ਰੂਪ ਵਿਚ ਜਨਮ ਤੋਂ ਮਨੁੱਖ ਦੇ ਮਨ ਵਿੱਚ ਹੁੰਦਾ ਹੈ ਅਤੇ ਸਿੱਖਿਆ ਦੁਆਰਾ ਕੇਵਲ ਉਨ੍ਹਾਂ ਨੂੰ ਮੁੜ ਯਾਦ ਕਰਨ ਦੀ ਲੋੜ ਹੈ। ਅਜਿਹਾ ਪਲੈਟੋ ਮੰਨਦਾ ਹੈ ਅਤੇ ਦੂਜੇ ਬੁੱਧੀਵਾਦੀ ਵੀ ਜਿਵੇਂ ਡੇਕਾਰਟੇ, ਸਪਿਨੋਜ਼ਾ, ਲਾਇਬਨੀਜ਼ ਆਦਿ। ਇਹ ਵਿਚਾਰਧਾਰਾ ਆਧੁਨਿਕ ਯੁੱਗ ਤੱਕ ਸੱਚੀ ਮੰਨੀ ਜਾਂਦੀ ਹੈ ਪ੍ਰੰਤੂ ਅਨੁਭਵਵਾਦੀ ਦਾਰਸ਼ਨਿਕ ਲਾਕ ਨੇ ਆ ਕੇ ਇਨ੍ਹਾਂ ਜਮਾਂਦਰੂ ਵਿਚਾਰਾਂ ਦੇ ਸਿਧਾਂਤ ਦਾ ਖੰਡਨ ਕੀਤਾ। ਉਹ ਕਹਿੰਦਾ ਹੈ ਕਿ ਜਨਮ ਤੋਂ ਹੀ ਮਨੁੱਖ ਦਾ ਮਨ ਇਕ ਸਾਫ ਤਖਤੀ ਹੈ ਜਿਸ ਤੇ ਅਨੁਭਵ ਆਪਣੇ ਆਪ ਪਹਿਲਾ ਅੱਖਰ ਲਿਖਦਾ ਹੈ। ਕਹਿਣ ਦਾ ਭਾਵ ਇਹ ਹੈ ਕਿ ਗਿਆਨ ਜਮਾਂਦਰੂ ਨਹੀਂ ਹੋ ਸਕਦਾ। ਉਹ ਅਨੁਭਵ ਨਾਲ ਅਰਜਿਤ ਹੁੰਦਾ ਹੈ।

## 3. ਸੱਚਾਈ ਦਾ ਪ੍ਰਮਾਣ ਹੀ ਅਨੁਭਵ ਹੈ

ਅਨੁਭਵਵਾਦੀ ਕਹਿੰਦੇ ਹਨ ਕਿ ਅਨੁਭਵ ਦੁਆਰਾ ਜੋ ਗਿਆਨ ਪੈਦਾ ਹੁੰਦਾ ਹੈ ਉਹ ਠੀਕ ਜਾਂ ਗਲਤ ਪਰਖਣ ਦੀ ਕਸੌਟੀ ਨਾਲ ਹੀ ਅਨੁਭਵ ਹੋ ਸਕਦਾ ਹੈ। ਸੱਚਾਈ ਦਾ ਸਬੰਧ ਸਾਡੇ ਕਥਨਾਂ ਨਾਲ ਹੈ ਜੋ ਸੱਚ ਜਾਂ ਝੂਠ ਹੋ ਸਕਦੇ ਹਨ ਅਤੇ ਇਹਨਾਂ ਦੀ ਸੱਚਾਈ ਪਰਖਣ ਲਈ ਅਨੁਭਵ ਨੂੰ ਹੀ ਆਧਾਰ ਬਨਾਉਣਾ ਪੈਂਦਾ ਹੈ। ਜੇ ਕੋਈ ਕਥਨ ਇੰਦਰੀ ਅਨੁਭਵ ਤੇ ਠੀਕ ਉਤਰਦਾ ਹੈ ਤਾਂ ਉਹ ਸੱਚ ਹੈ। ਅਨੁਭਵ ਰਾਹੀਂ ਹੀ ਤੱਥ ਪ੍ਰਾਪਤ ਹੁੰਦੇ ਹਨ ਅਤੇ ਇਨ੍ਹਾਂ ਦੀ ਸੱਚਾਈ ਨੂੰ ਪਰਖਿਆ ਜਾ ਸਕਦਾ ਹੈ। ਇਸ ਲਈ ਸੱਚਾਈ ਦਾ ਅੰਤਮ ਪ੍ਰਮਾਣ ਅਨੁਭਵ ਹੀ ਹੈ।

## 4. ਬਾਹਰੀ ਗਿਆਨ

ਅਨੁਭਵਵਾਦੀ ਗਿਆਨ ਨੂੰ ਪੂਰਨ ਰੂਪ ਨਾਲ ਬਾਹਰੀ ਮੰਨਦਾ ਹੈ। ਇਹ ਇੰਦਰੀ-ਅਨੁਭਵ ਰਾਹੀਂ ਪ੍ਰਾਪਤ ਹੁੰਦਾ ਹੈ। ਇਹ ਉਹ ਪ੍ਰਕ੍ਰਿਆ ਹੈ ਜੋ ਗਿਆਨ ਇੰਦਰੀ ਤੇ ਵਸਤੂ ਦੇ ਸੰਪਰਕ ਤੇ ਨਿਰਭਰ ਹੁੰਦੀ ਹੈ। ਇਹ ਪ੍ਰਕ੍ਰਿਆ ਅੰਦਰੂਨੀ ਨਹੀਂ ਹੋ ਸਕਦੀ। ਪ੍ਰੰਤੂ ਸਾਡੇ ਧਾਰਮਿਕ ਅਨੁਭਵ ਵਿੱਚ ਮਨ ਕਿਸੇ ਬਾਹਰੀ ਵਸਤੂ ਦੇ ਸੰਪਰਕ ਵਿੱਚ ਨਹੀਂ ਆਉਂਦਾ ਤੇ ਨਾ ਹੀ ਗਿਆਨ ਇੰਦਰੀਆਂ ਉਤੇਜਿਤ ਹੁੰਦੀਆਂ ਹਨ। ਇਸ ਲਈ ਸਾਡਾ ਸਮੁੱਚਾ ਗਿਆਨ ਬਾਹਰੀ ਗਿਆਨ ਹੁੰਦਾ ਹੈ।

## 5. ਗਿਆਨ ਦੀ ਆਗਮਨਾਤਮਿਕ ਵਿਧੀ

ਅਨੁਭਵਵਾਦ ਦੇ ਅਨੁਸਾਰ ਗਿਆਨ ਦੁਆਰਾ ਸਾਨੂੰ ਸਾਧਾਰਨ ਤੇ ਅਸਲੀ ਤਰਕਵਾਕਾਂ ਨੂੰ ਕਾਇਮ ਕਰਨਾ ਪੈਂਦਾ ਹੈ।

ਇਹ ਗੱਲ ਕੇਵਲ ਇੰਦਰੀ ਅਨੁਭਵ ਦੁਆਰਾ ਹੀ ਸੰਭਵ ਹੈ। ਇਹ ਅਨੁਭਵ ਸਾਨੂੰ ਬਾਹਰੀ ਸੰਸਾਰ ਬਾਰੇ ਗਿਆਨ ਦੇ ਸਕਦੇ ਹਨ ਜਿਸਦੇ ਅਸਲੀ ਤਰਕਵਾਦ ਨੂੰ ਆਧਾਰਿਤ ਹੋਣਾ ਹੈ। ਇਕ ਵਾਕ ਤੋਂ ਦੂਜਾ ਵਾਕ ਵੀ ਕੱਢਿਆ ਜਾਂਦਾ ਹੈ ਤੇ ਉਸਦੀ ਸਚਾਈ ਪਹਿਲੇ ਤਰਕਵਾਦ ਤੇ ਨਿਰਭਰ ਹੋ ਜਾਦੀ ਹੈ। ਅਨੁਭਵ ਵਾਕ ਦੀ ਵਸਤੂਗਤ ਸੱਚਾਈ ਮੰਨਦਾ ਹੈ। ਪ੍ਰੰਤੂ ਇਹ ਕਥਨ ਵਿਆਪਕ ਵੀ ਹੋਣੇ ਚਾਹੀਦੇ ਹਨ। ਵਿਸ਼ੇਸ਼ ਸੱਚ ਤੋਂ ਵਿਆਪਕ ਕਥਨ ਤਿਆਰ ਕਰਨ ਲਈ ਆਗਮਨ ਦੀ ਪ੍ਰਕ੍ਰਿਆ ਜ਼ਰੂਰੀ ਹੈ।

## 6. ਸੰਭਾਵੀ ਗਿਆਨ

ਅਨੁਭਵਵਾਦ ਦੇ ਅਨੁਸਾਰ ਮਨੁੱਖ ਦਾ ਗਿਆਨ ਨਾ ਤਾਂ ਕਦੇ ਪੂਰਾ ਹੋ ਸਕਦਾ ਹੈ ਤੇ ਨਾ ਹੀ ਨਿਸ਼ਚਿਤ। ਸਗੋਂ ਅਜਿਹਾ ਗਿਆਨ ਤਾਂ ਸਦਾ ਸੰਭਾਵੀ ਹੀ ਰਹਿੰਦਾ ਹੈ। ਇਹ ਗੱਲ ਕੇਵਲ ਬਾਹਰੀ ਸੰਸਾਰ ਦੇ ਗਿਆਨ ਦੇ ਸੰਬੰਧ ਵਿੱਚ ਕਹੀ ਜਾਂਦੀ ਹੈ। ਤਾਰਕਿਕ ਨਿਯਮਾਂ ਤੇ ਬੋਧਿਕ ਸਿਧਾਂਤਾਂ ਦਾ ਗਿਆਨ ਨਿਸ਼ਚਿਤ ਹੋ ਸਕਦਾ ਹੈ ਪਰ ਉਹ ਅਸਲੀ ਸੰਸਾਰ ਤੇ ਨਿਰਭਰ ਨਹੀਂ ਹੋ ਸਕਦਾ। ਸੰਸਾਰ ਦਾ ਗਿਆਨ ਅਨੁਭਵ ਤੇ ਆਧਾਰਿਤ ਹੋਣ ਕਰਕੇ ਸਦਾ ਸੰਭਾਵੀ ਹੀ ਰਹਿੰਦਾ ਹੈ। ਦੂਜੇ ਸ਼ਬਦਾਂ ਵਿੱਚ ਗਿਆਨ ਆਗਮਨ ਦੀ ਪ੍ਰਕ੍ਰਿਆ ਤੇ ਨਿਰਭਰ ਹੈ ਜੋ ਕੇਵਲ ਸੰਭਾਵੀ ਗਿਆਨ ਨੂੰ ਹੀ ਜਨਮ ਦਿੰਦੀ ਹੈ, ਇਹੀ ਗੱਲ ਹਿਊਮ ਦੇ ਸੰਦੇਹਵਾਦ ਦਾ ਕਾਰਨ ਬਣੀ।

## 2.2.2 ਅਨੁਭਵਵਾਦੀ ਦਾਰਸ਼ਨਿਕਾਂ ਦੀ ਵਿਚਾਰਧਾਰਾ

ਅਨੁਭਵਵਾਦੀਆਂ ਦੀ ਵਿਚਾਰਧਾਰਾ ਆਧੁਨਿਕ ਯੁੱਗ ਦੇ ਆਰੰਭ ਵਿਚ ਜਾੱਨ ਲੱਕ ਦੇ ਦਰਸ਼ਨ ਤੋਂ ਸ਼ੁਰੂ ਹੁੰਦੀ ਹੈ ਤੇ ਬਰਕਲੇ ਦੇ ਵਿਚਾਰਾਂ ਤੋਂ ਗੁਜ਼ਰ ਕੇ ਹਿਊਮ ਦੇ ਦਰਸ਼ਨ ਤੇ ਆ ਕੇ ਖਤਮ ਹੁੰਦੀ ਹੈ। ਅੱਜ ਕਲ੍ਹ ਤਾਰਕਿਕ ਅਨੁਭਵਵਾਦੀਆਂ ਨੂੰ ਸ਼ੁਧ ਰੂਪ ਵਿੱਚ ਅਨੁਭਵਵਾਦੀ ਕਹਿਣਾ ਗਲਤ ਹੈ ਕਿਉਂਕਿ ਇਨ੍ਹਾਂ ਦੀ ਵਿਚਾਰਧਾਰਾ ਵਿੱਚ ਅੰਤਰ ਹੈ ਭਾਵੇਂ ਉਹ ਵੀ ਅਨੁਭਵਵਾਦ ਦਾ ਸਹਾਰਾ ਲੈਂਦੇ ਹਨ ਇਸ ਲਈ ਕੇਵਲ ਲਾਕ, ਬਰਕਲੇ ਤੇ ਹਿਊਮ ਦੇ ਦਰਸ਼ਨਾਂ ਨੂੰ ਹੀ ਅਨੁਭਵਵਾਦੀ ਕਹਿਣਾ ਉਚਿਤ ਹੈ।

### 2.2.2.1 ਜਾਨ ਲਾਕ ਦਾ ਅਨੁਭਵਵਾਦ (Empiricism of John Locke)

ਲਾਕ ਨੇ ਆਪਣੇ ਅਨੁਭਵਵਾਦ ਨੂੰ ਪੇਸ਼ ਕਰਨ ਤੋਂ ਪਹਿਲਾ ਜਮਾਂਦਰੂ ਵਿਚਾਰਾਂ ਦੇ ਸਿਧਾਂਤਾਂ ਦਾ ਖੰਡਨ ਕੀਤਾ ਹੈ ਤੇ ਇਸ ਤੋਂ ਬਾਦ ਇਹ ਸਿੱਧ ਕੀਤਾ ਕਿ ਸਮੁੱਚਾ ਗਿਆਨ ਇੰਦਰੀ ਅਨੁਭਵ ਨਾਲ ਪ੍ਰਾਪਤ ਹੁੰਦਾ ਹੈ। ਉਹ ਕਹਿੰਦਾ ਹੈ ਕਿ ਮਨ ਵਿੱਚ ਜਨਮ ਸਮੇਂ ਤੇ ਕੋਈ ਗਿਆਨ ਨਹੀਂ ਹੁੰਦਾ ਅਤੇ ਜਨਮ ਦੇ ਸਮੇਂ ਮਨ ਕੋਰੀ ਸਲੇਟ ਹੁੰਦਾ ਹੈ ਜਿਸ ਉਪਰ ਇੰਦਰੀ ਅਨੁਭਵ ਗਿਆਨ ਦੇ ਪਹਿਲੇ ਅੱਖਰ ਲਿਖਦਾ ਹੈ। ਜਮਾਂਦਰੂ ਵਿਚਾਰਾਂ ਦੇ ਸਿਧਾਂਤਾਂ ਦੇ ਖੰਡਨ ਲਈ ਉਹ ਹੇਠ ਲਿਖੇ ਪ੍ਰਮਾਣ ਪੇਸ਼ ਕਰਦਾ ਹੈ :-

1. ਜੇਕਰ ਵਿਚਾਰ ਜਮਾਂਦਰੂ ਹੁੰਦੇ ਹਨ ਤਾਂ ਇਹ ਬੱਚਿਆਂ ਦੇ ਮਨ ਵਿੱਚ ਕਿਉਂ ਨਹੀਂ ਹੁੰਦੇ। ਜਮਾਂਦਰੂ ਵਸਤੂ ਬਚਪਨ ਵਿਚ ਹੋਣੀ ਚਾਹੀਦੀ ਹੈ ਪਰ ਬੱਚੇ ਦੇ ਮਨ ਵਿੱਚ ਅਜਿਹਾ ਕੋਈ ਵਿਚਾਰ ਨਹੀਂ।
2. ਜੇਕਰ ਵਿਚਾਰ ਜਮਾਂਦਰੂ ਹਨ ਤਾਂ ਉਨ੍ਹਾਂ ਨੂੰ ਪਾਗਲ ਤੇ ਮੂਰਖ ਵਿਅਕਤੀਆਂ ਵਿੱਚ ਹੋਣਾ ਚਾਹੀਦਾ ਹੈ ਪਰ ਉਨ੍ਹਾਂ ਵਿਚ ਇਨ੍ਹਾਂ ਦੀ ਘਾਟ ਹੁੰਦੀ ਹੈ।
3. ਜੇਕਰ ਵਿਚਾਰ ਜਮਾਂਦਰੂ ਹਨ ਤਾਂ ਇਨ੍ਹਾਂ ਨੂੰ ਇੰਦਰੀ ਅਨੁਭਵ ਤੇ ਬੋਧਿਕ ਪ੍ਰਕ੍ਰਿਆ ਦੇ ਪੂਰਨ ਕਾਲ ਵਿੱਚ ਵਿਖਾਈ ਦੇਣਾ ਚਾਹੀਦਾ ਹੈ ਪਰ ਅਜਿਹਾ ਨਹੀਂ।
4. ਜੇਕਰ ਵਿਚਾਰ ਜਮਾਂਦਰੂ ਹਨ ਤਾਂ ਇਨ੍ਹਾਂ ਦੀ ਸਚਾਈ ਨੂੰ ਬਾਹਰੀ ਅਨੁਭਵ ਦੀ ਕਿਉਂ ਲੋੜ ਪੈਂਦੀ ਹੈ। ਇਸ ਲਈ ਉਹੀ ਜਮਾਂਦਰੂ ਨਹੀਂ ਸਗੋਂ ਅਨੁਭਵ ਦੁਆਰਾ ਉਤਪੰਨ ਹੁੰਦੇ ਹਨ।

5. ਜੇਕਰ ਵਿਚਾਰ ਜਮਾਂਦਰੂ ਹਨ ਤਾਂ ਉਹ ਇੰਦਰੀ ਅਨੁਭਵ ਦੁਆਰਾ ਪਰਵਿਰਤਿਤ ਨਹੀਂ ਹੋਣੇ ਚਾਹੀਦੇ। ਪ੍ਰੰਤੂ ਅਜਿਹੀ ਗੱਲ ਨਹੀਂ ਕਿਉਂਕਿ ਵਿਚਾਰ ਨੂੰ ਅਨੁਭਵ ਦੇ ਆਧਾਰ ਤੇ ਸੋਧਿਆ ਜਾਂਦਾ ਹੈ।

6. ਜੇਕਰ ਵਿਚਾਰ ਜਮਾਂਦਰੂ ਹਨ ਤਾਂ ਉਹ ਸਾਰੇ ਇਕ ਸਮਾਨ ਤੇ ਸਾਧਾਰਨ ਤੌਰ ਤੇ ਮੌਜੂਦ ਹੋਣੇ ਚਾਹੀਦੇ ਹਨ ਪ੍ਰੰਤੂ ਅਜਿਹੇ ਤੱਥ ਨਹੀਂ ਹਨ ਕਿਉਂਕਿ ਬਹੁਤ ਸਾਰੇ ਵਿਚਾਰ ਸਾਪੇਖ ਤੇ ਨਿੱਜੀ ਹਨ ਜਿਨ੍ਹਾਂ ਦੀ ਵਿਆਖਿਆ ਕੇਵਲ ਨਿੱਜੀ ਅਨੁਭਵ ਹੀ ਕਰ ਸਕਦਾ ਹੈ। ਇਹਨਾਂ ਪ੍ਰਮਾਣਾਂ ਦੇ ਆਧਾਰ ਤੇ ਲਾਕ ਨੇ ਜਮਾਂਦਰੂ ਵਿਚਾਰਾਂ ਦੇ ਸਿਧਾਂਤਾਂ ਨੂੰ ਸਦਾ ਲਈ ਗਲਤ ਸਿੱਧ ਕਰ ਦਿੱਤਾ ਹੈ ਤੇ ਦੂਜੇ ਪਾਸੇ ਇਹ ਵੀ ਸਿੱਧ ਕੀਤਾ ਹੈ ਕਿ ਵਿਚਾਰ ਅਨੁਭਵ ਦੁਆਰਾ ਪ੍ਰਾਪਤ ਹੁੰਦੇ ਹਨ। ਲਾਕ ਅਨੁਸਾਰ ਵਿਚਾਰ ਦੋ ਤਰ੍ਹਾਂ ਦੇ ਹੁੰਦੇ ਹਨ :-

**1. ਸਰਲ ਵਿਚਾਰ**

**2. ਸੰਯੁਕਤ ਵਿਚਾਰ**

ਸੰਯੁਕਤ ਵਿਚਾਰ ਸਰਲ ਵਿਚਾਰਾਂ ਦੇ ਮਿਲਣ ਤੋਂ ਬਣਦੇ ਹਨ ਸਰਲ ਵਿਚਾਰ ਸਿੱਧੇ ਸੰਵੇਦਨਾਂ ਤੋਂ ਪ੍ਰਾਪਤ ਹੁੰਦੇ ਹਨ ਜਦੋਂ ਸਾਡਾ ਵਸਤੂਆਂ ਨਾਲ ਸੰਪਰਕ ਹੁੰਦਾ ਹੈ ਤਾਂ ਗਿਆਨ ਇੰਦਰੀਆਂ ਦੀ ਉਤੇਜਨਾ ਨਾਲ ਮਨ ਵਿਚ ਸੰਵੇਦਨਾਵਾਂ ਹੁੰਦੀਆਂ ਹਨ। ਹਰੇਕ ਵਸਤੂ ਆਪਣੇ ਹੀ ਅਨੁਰੂਪ ਇਕ ਸੰਵੇਦਨਾ ਪੈਦਾ ਕਰਦੀ ਹੈ। ਹਰੇਕ ਸੰਵੇਦਨਾ ਵਸਤੂ ਦਾ ਬਿੰਬ ਹੁੰਦੀ ਹੈ। ਸਾਡਾ ਮਨ ਮੋਮ ਵਾਂਗ ਹੈ ਜੋ ਵਸਤੂ ਦੇ ਸੰਪਰਕ ਵਿਚ ਆ ਕੇ ਉਸੇ ਤਰ੍ਹਾਂ ਦੇ ਰੰਗ, ਰੂਪ ਦਾ ਬਣ ਜਾਂਦਾ ਹੈ। ਵਸਤੂ ਦਾ ਸਾਡੇ ਮਨ ਤੇ ਪ੍ਰਭਾਵ ਹੀ ਸਰਲ ਵਿਚਾਰ ਹੈ। ਲਾਕ ਵਸਤੂ ਦੇ ਮੁੱਢਲੇ ਗੁਣਾਂ ਤੇ ਗੌਣ ਗੁਣਾ ਵਿਚ ਅੰਤਰ ਕਰਦਾ ਹੈ ਤੇ ਕਹਿੰਦਾ ਹੈ ਕਿ ਮੁੱਢਲੇ ਗੁਣਾਂ ਦਾ ਗਿਆਨ ਵਸਤੂ ਤੇ ਨਿਰਭਰ ਹੈ ਪ੍ਰੰਤੂ ਗੌਣ ਗੁਣਾਂ ਦਾ ਗਿਆਨ ਮਨ ਤੇ ਨਿਰਭਰ ਕਰਦਾ ਹੈ। ਇਸ ਲਈ ਵਸਤੂਆਂ ਮਨ ਤੋਂ ਸੁੰਤਤਰ ਸੱਤਾ ਰੱਖਦੀਆਂ ਹਨ। ਇਸ ਤਰ੍ਹਾਂ ਉਹ ਆਪਣੇ ਯਥਾਰਥਵਾਦ ਨੂੰ ਸਿੱਧ ਕਰਦਾ ਹੈ।

ਸਾਡਾ ਸਮੁੱਚਾ ਗਿਆਨ ਕੇਵਲ ਵਿਚਾਰਾਂ ਤੋਂ ਨਹੀਂ ਬਣਦਾ। ਵਿਚਾਰ ਤਾਂ ਗਿਆਨ ਲਈ ਕੱਚੀ ਸਮੱਗਰੀ ਦਾ ਕੰਮ ਕਰਦੇ ਹਨ। ਲਾਕ ਅਨੁਸਾਰ ਜਦੋਂ ਦੋ ਜਾਂ ਦੋ ਵੱਧ ਵਿਚਾਰਾਂ ਵਿੱਚ ਸੰਬੰਧ ਨੂੰ ਪ੍ਰਤੱਖ ਰੂਪ ਵਿੱਚ ਦੇਖਿਆ ਜਾਂਦਾ ਹੈ ਤਾਂ ਗਿਆਨ ਪੈਦਾ ਹੁੰਦਾ ਹੈ। ਵਿਚਾਰਾਂ ਵਿਚ ਅਜਿਹਾ ਸੰਬੰਧ ਸਹਿਮਤੀ ਜਾਂ ਅਸਹਿਮਤੀ ਜਾਂ Entailment ਦਾ ਹੋ ਸਕਦਾ ਹੈ। ਸ਼ੁਧ ਗਿਆਨ ਬਾਰੇ ਲਾਕ ਦਾ ਕਹਿਣਾ ਹੈ ਕਿ ਉਹ ਡੇਕਾਰਟੇ ਨਾਲ ਇਸ ਗੱਲ ਲਈ ਸਹਿਮਤ ਹੈ ਕਿ ਸ਼ੁਧ ਗਿਆਨ ਦਾ ਖੇਤਰ ਗਣਿਤ ਸ਼ਾਸ਼ਤਰ ਹੈ ਪ੍ਰੰਤੂ ਉਸ ਦਾ ਕਹਿਣਾ ਹੈ ਕਿ ਨੈਤਿਕਤਾ ਦਾ ਇਕ ਹੋਰ ਖੇਤਰ ਵੀ ਹੈ। ਜਿਸ ਵਿੱਚ ਉੱਚ ਕਿਸਮ ਦੀ ਸ਼ੁੱਧਤਾ ਦਾ ਗਿਆਨ ਪਾਇਆ ਜਾਂਦਾ ਹੈ। ਗਿਆਨ ਨਾ ਪ੍ਰਾਪਤ ਹੋਣ ਦਾ ਕਾਰਨ ਜਾਂ ਤਾਂ ਵਿਚਾਰਾਂ ਵਿਚਾਰ ਕੁਝ ਸੰਬੰਧ ਸਥਾਪਿਤ ਨਹੀਂ ਹੁੰਦਾ ਜਾਂ ਅਜਿਹੇ ਵਿਚਾਰਾਂ ਦੇ ਸੰਬੰਧ ਨੂੰ ਅਸੀਂ ਵੇਖ ਨਹੀਂ ਸਕਦੇ ਅਜਿਹੀ ਸਥਿਤੀ ਵਿੱਚ ਕਿਸੇ ਦੀ ਕਿਸਮ ਦੇ ਗਿਆਨ ਨੂੰ ਪ੍ਰਾਪਤ ਕਰਨਾ ਅਸੰਭਵ ਹੁੰਦਾ ਹੈ।

## 2.2.2.2 ਬਰਕਲੇ ਦਾ ਅਨੁਭਵਵਾਦ ਦਾ ਸਿਧਾਂਤ

ਬਰਕਲੇ ਅਨੁਭਵਵਾਦ ਗਿਆਨ ਮੀਮਾਂਸਾ ਨੂੰ ਕਰਦਾ ਹੈ ਤੇ ਆਪਣੇ ਦਰਸ਼ਨ ਦਾ ਅਨੁਭਵਵਾਦੀ ਵਿਚਾਰਾਂ ਰਾਹੀਂ ਵਿਕਾਸ ਕਰਦਾ ਹੈ। ਉਹ ਲਾਕ ਦੇ ਅਨੁਭਵਵਾਦ ਨੂੰ ਤਾਂ ਮੰਨਦਾ ਹੈ ਪ੍ਰੰਤੂ ਇਸ ਗਿਆਨ ਮੀਮਾਂਸਾ ਦੇ ਆਧਾਰ ਤੇ ਲਾਕ ਯਥਾਰਥਵਾਦੀ ਦੀ ਥਾਂ ਤੇ ਉਹ ਆਤਮਗਤ ਆਦਰਸ਼ਵਾਦ ਦੇ ਸਿੱਟਿਆਂ ਤੇ ਪੁੱਜਦਾ ਹੈ। ਲਾਕ ਨੇ ਮੁੱਖ ਤੌਰ ਤੇ ਦੋ ਗੱਲਾਂ ਕਹੀਆਂ ਹਨ :-

1. ਜਮਾਂਦਰੂ ਵਿਚਾਰ ਨਹੀਂ ਹੁੰਦੇ।

2. ਇੰਦਰੀ ਅਨੁਭਵ ਹੀ ਗਿਆਨ ਦਾ ਇਕੋ ਇਕ ਪ੍ਰਮਾਣ ਤੇ ਸ੍ਰੋਤ ਹੈ। ਬਰਕਲੇ ਦੋਵਾਂ ਗੱਲਾਂ ਨੂੰ ਮੰਨਦਾ ਹੈ ਤੇ ਉਨ੍ਹਾਂ ਨੂੰ ਆਧਾਰ ਬਣਾ ਕੇ ਆਪਣੇ ਖੋਜ ਦੇ ਕੰਮ ਨੂੰ ਵਧਾਉਂਦਾ ਹੈ

ਬਰਕਲੇ ਨੇ ਅਨੁਭਵਵਾਦੀ ਗਿਆਨ ਮੀਮਾਂਸਾ ਵਿੱਚ ਦੋ ਕਿਸਮ ਦਾ ਯੋਗਦਾਨ ਪਾਇਆ ਹੈ।

ਬਰਕਲੇ ਅਨੁਸਾਰ ਲਾਕ ਨੇ ਵਸਤੂ ਦੇ ਦੋ ਗੁਣਾਂ ਵਿੱਚ ਜੋ ਅੰਤਰ ਕੀਤਾ ਸੀ, ਉਹ ਗਲਤ ਹੈ। ਸਗੋਂ ਮੁੱਢਲੇ ਗੁਣ ਤੇ ਗੋਣ ਗੁਣ ਇਕ ਸਮਾਨ ਮਾਨਸਿਕ ਪ੍ਰਕ੍ਰਿਆ ਰਾਹੀਂ ਜਾਣੇ ਜਾਂਦੇ ਹਨ। ਬਰਕਲੇ ਨੇ ਕਿਹਾ ਹੈ ਕਿ ਜਿਵੇਂ ਗੋਣ ਗੁਣ ਮਨ ਰਾਹੀਂ ਜਾਣੇ ਜਾਂਦੇ ਹਨ ਉਸੇ ਤਰ੍ਹਾਂ ਮੁੱਢਲੇ ਗੁਣ ਵੀ। ਇੰਝ ਵਸਤੂਆਂ ਦੇ ਸਾਰੇ ਗੁਣ ਮਾਨਸਿਕ ਹੁੰਦੇ ਹਨ ਅਤੇ ਇਨ੍ਹਾਂ ਗੁਣਾਂ ਤੋਂ ਵਸਤੂਆਂ ਨਹੀਂ ਹੁੰਦੀਆਂ ਇਸ ਲਈ ਸਾਰੀਆਂ ਵਸਤੂਆਂ ਮਾਨਸਿਕ ਹਨ ਤੇ ਉਹ ਮਾਨਸਿਕ ਵਿਚਾਰਾਂ ਦੇ ਰੂਪ ਵਿਚ ਰਹਿੰਦੀਆਂ ਹਨ। ਮਨ ਤੋਂ ਬਾਦ ਉਨ੍ਹਾਂ ਦੀ ਸੱਤਾ ਕੀ ਹੈ? ਇਨ੍ਹਾਂ ਅਨੁਭਵਵਾਦੀ ਵਿਚਾਰ ਤੇ ਕੁਝ ਕਹਿਣਾ ਅਸੰਭਵ ਹੈ ਕਿਉਂਕਿ ਸਾਡਾ ਗਿਆਨ ਅਨੁਭਵ ਤਕ ਹੀ ਸੀਮਤ ਹੈ ਜੋ ਮਾਨਸਿਕ ਹੈ।

ਬਰਕਲੇ ਨੇ ਇਸ ਸਿੱਟੇ ਨੂੰ ਸਿੱਧ ਕਰਨ ਲਈ ਦੂਜਾ ਪ੍ਰਮਾਣ ਪੇਸ਼ ਕੀਤਾ ਹੈ ਕਿ ਪ੍ਰਤੱਖ ਤੋਂ ਬਿਨਾਂ ਕਿਸੇ ਵੀ ਵਸਤੂ ਦੀ ਸੱਤਾ ਨਹੀਂ ਹੋ ਸਕਦੀ। ਜੇਕਰ ਵਸਤਾਂ ਮਨ ਤੋਂ ਬਾਹਰ ਸੱਤਾ ਰੱਖਦੀਆਂ ਹਨ ਤਾ ਸਾਨੂੰ ਇਨ੍ਹਾਂ ਦਾ ਗਿਆਨ ਨਹੀਂ ਹੋ ਸਕਦਾ ਜੇਕਰ ਅਸੀਂ ਵਸਤਾਂ ਦੀ ਸੱਤਾ ਨੂੰ ਜਾਣਦੇ ਹਾਂ ਤਾਂ ਉਹ ਕੇਵਲ ਪ੍ਰਤੱਖ ਦੁਆਰਾ ਹੀ ਸੰਭਵ ਹੈ। ਵਸਤਾਂ ਪ੍ਰਤੱਖ ਵਿਚ ਹੋਂਦ ਰੱਖਦੀਆਂ ਹਨ। ਕਈ ਵਸਤੂ ਹੈ, ਅਰਥ ਹੈ ਉਸਨੂੰ ਵੇਖਿਆ ਜਾਂਦਾ ਹੈ ਜਾਂ ਜਾਣਿਆ ਜਾਂਦਾ ਹੈ। ਬਰਕਲੇ ਦਾ ਪ੍ਰਸਿਧ ਸੂਤਰ ਇਸ ਤਰ੍ਹਾਂ ਹੈ :"Esse Est Percipi" ਭਾਵ To be is to exist" **ਅਰਥਾਤ** To exist means to be preceived. ਇਸ ਤਰ੍ਹਾਂ ਵਸਤਾਂ ਮਨ ਵਿਚ ਹੀ ਹੋਂਦ ਰੱਖਦੀਆਂ ਹਨ ਭਾਵੇਂ ਉਹ ਮਨੁੱਖ ਦਾ ਮਨ ਹੋਵੇ ਜਾਂ ਪ੍ਰਮਾਤਮਾ ਦਾ ਮਨ। ਇੰਝ ਸਪੱਸ਼ਟ ਹੋ ਜਾਂਦਾ ਹੈ ਕਿ ਜਿਥੇ ਲਾਕ ਅਨੁਸਾਰ ਵਸਤੂਆਂ ਮਨ ਦੇ ਬਾਹਰ ਸੁੰਤਤਰ ਸੱਤਾ ਰੱਖਦੀਆਂ ਹਨ ਉਥੇ ਬਰਕਲੇ ਅਨੁਸਾਰ ਵਸਤਾਂ ਮਨ ਵਿਚ ਵਿਚਾਰ ਦੇ ਰੂਪ ਵਿੱਚ ਸੱਤਾ ਰੱਖਦੀਆਂ ਹਨ, ਮਨ ਤੋਂ ਬਾਹਰ ਉਨ੍ਹਾਂ ਦੀ ਕੋਈ ਸੁੰਤਤਰ ਸੱਤਾ ਨਹੀਂ।

### 2.2.2.3 ਡੇਵਿਡ ਹਿਊਮ ਦਾ ਅਨੁਭਵਵਾਦੀ ਸਿਧਾਂਤ :

ਹਿਊਮ ਨੇ ਆਪਣੇ ਅਨੁਭਵਵਾਦ ਸਿਧਾਂਤ ਦਾ ਵਿਕਾਸ ਲਾਕ ਅਤੇ ਬਰਕਲੇ ਦੇ ਅਨੁਭਵਵਾਦੀ ਗਿਆਨ ਮੀਮਾਂਸਾ ਦੇ ਆਧਾਰ ਤੇ ਕੀਤਾ ਹੈ। ਉਸਦਾ ਤੇਜ਼ ਵਿਸ਼ਲੇਸ਼ਣ ਕਰਕੇ ਉਸਨੂੰ ਉਸਦੇ ਅੰਤਿਮ ਤਾਰਕਿਕ ਸਿੱਟੇ ਤੱਕ ਪਹੁੰਚਾ ਦਿੱਤਾ ਹੈ ਜਿਥੇ ਲਾਕ ਨੇ ਅਨੁਭਵਵਾਦ ਦੁਆਰਾ ਵਸਤਾਂ ਦੀ ਸੁਤੰਤਰ ਸੱਤਾ ਨੂੰ ਪ੍ਰਮਾਣਿਤ ਕੀਤਾ ਹੈ ਅਤੇ ਬਰਕਲੇ ਨੇ ਉਸਦਾ ਖੰਡਨ ਕੀਤਾ ਹੈ ਅਤੇ ਮਨ ਤੇ ਪ੍ਰਤੱਖ ਦੀ ਸੱਤਾ ਨੂੰ ਸਿੱਧ ਕੀਤਾ ਹੈ ਉਥੇ ਹਿਊਮ ਨੇ ਇਹ ਸਿੱਧ ਕੀਤਾ ਹੈ ਕਿ ਜੇਕਰ ਮਨੁੱਖੀ ਗਿਆਨ ਕੇਵਲ ਅਨੁਭਵ ਤੱਕ ਹੀ ਸੀਮਤ ਹੈ ਤਾਂ ਕਿਸੇ ਵੀ ਦ੍ਰਵ ਦੀ ਸੱਤਾ ਨੂੰ ਸਿਧ ਨਹੀਂ ਕੀਤਾ ਜਾ ਸਕਦਾ। ਭਾਵੇਂ ਉਹ ਵਸਤਾਂ ਹੋਣ ਜਾਂ ਮਨ। ਹਿਊਮ ਕਹਿੰਦਾ ਹੈ ਕਿ ਵਸਤਾਂ ਦਾ ਸੁਤੰਤਰ ਸੱਤਾ ਨਹੀਂ ਆਤਮਾ ਵਰਗੀ ਕੋਈ ਸੱਤਾ ਨਹੀਂ। ਅਤੇ ਪ੍ਰਮਾਤਮਾ ਦੇ ਬਾਰੇ ਅਸੀਂ ਕੁਝ ਨਹੀਂ ਕਹਿ ਸਕਦੇ ਕਿਉਂਕਿ ਇਸਦੀ ਸੱਤਾ ਨੂੰ ਅਨੁਭਵ ਦੁਆਰਾ ਪ੍ਰਮਾਣਿਤ ਨਹੀਂ ਕੀਤਾ ਜਾ ਸਕਦਾ। ਜੇ ਕੁਝ ਹੈ ਤਾਂ ਕੇਵਲ ਮਾਨਸਿਕ ਵਿਚਾਰ ਹੀ ਹਨ ਅਤੇ ਉਨ੍ਹਾਂ ਤੋਂ ਇਲਾਵਾ ਕੁਝ ਵੀ ਪ੍ਰਮਾਣਿਤ ਨਹੀਂ ਹੁੰਦਾ। ਇਹ ਹਿਊਮ ਦਾ ਮਾਨਸਿਕ ਪ੍ਰਮਾਣੂਵਾਦ ਹੈ।

ਇਸ ਤਰ੍ਹਾਂ ਹਿਊਮ ਨੇ ਸਾਰੀਆਂ ਕਿਸਮਾਂ ਦੀਆਂ ਵਸਤਾਂ ਦੀ ਸੱਤਾ ਬਾਰੇ ਸੰਦੇਹ ਪ੍ਰਗਟ ਕਰਕੇ ਆਪਣੇ ਸੰਦੇਹਵਾਦ ਨੂੰ ਸਿੱਧ ਕੀਤਾ ਹੈ। ਹਿਊਮ ਕਹਿੰਦਾ ਹੈ ਕਿ ਨਿਸ਼ਚਿਤ ਗਿਆਨ ਅਸੰਭਵ ਹੈ ਇਹ ਕੇਵਲ ਗਣਿਤ ਦੇ ਖੇਤਰ ਵਿੱਚ ਸੰਭਵ ਹੈ। ਪ੍ਰੰਤੂ ਸਾਨੂੰ ਕੇਵਲ ਵਿਸ਼ਲੇਸ਼ਣਾਤਮਕ ਕਥਨ ਹੀ ਪ੍ਰਾਪਤ ਹੋ ਸਕਦੇ ਹਨ ਜੋ ਵਸਤਾਂ ਬਾਰੇ ਲਾਗੂ ਨਹੀਂ ਹੁੰਦੇ। ਇਸ ਲਈ ਜੇਕਰ ਗਿਆਨ ਅਨੁਭਵ ਤੋਂ ਪ੍ਰਾਪਤ ਹੋਣਾ ਹੈ ਜਿਵੇਂ ਕਿ ਵਿਗਿਆਨ, ਤੱਤ ਵਿਗਿਆਨ ਆਦਿ ਦੇ ਖੇਤਰ ਵਿੱਚ ਹੁੰਦਾ ਹੈ ਤਾਂ ਇਹ ਕੇਵਲ ਗਿਆਨ ਸੰਭਾਵੀ ਹੀ ਹੋ ਸਕਦਾ ਹੈ ਕੋਈ ਵੀ ਸੱਚ ਅੰਤਰ ਰੂਪ ਨਾਲ ਨਿਸ਼ਚਿਤ ਨਹੀਂ ਹੋ ਸਕਦਾ। ਤੱਥਾਂ ਬਾਰੇ ਗਿਆਨ ਕੇਵਲ ਅਨੁਭਵ ਦੁਆਰਾ ਹੀ ਪੈਦਾ ਹੁੰਦਾ ਹੈ। ਹਿਊਮ ਦੀ ਅਨੁਭਵਵਾਦੀ ਗਿਆਨ ਮੀਮਾਂਸਾ ਨੂੰ ਤਿੰਨ ਤਰ੍ਹਾਂ ਦੀ ਦੇਣ ਹੈ :-

1. ਅਨੁਭਵ ਉਪਰ ਆਧਾਰਿਤ ਤੱਥਾਂ ਬਾਰੇ ਸਾਡਾ ਗਿਆਨ ਕਦੇ ਨਿਸ਼ਚਿਤ ਨਹੀਂ ਹੋ ਸਕਦਾ।
2. ਅਨੁਭਵਵਾਦੀ ਗਿਆਨ ਮੀਮਾਂਸਾ ਦੇ ਆਧਾਰ ਤੇ ਵਸਤਾਂ, ਆਤਮਾ ਤੇ ਪ੍ਰਮਾਤਮਾ ਦੀ ਸੁਤੰਤਰ ਸੱਤਾ ਨੂੰ ਪ੍ਰਮਾਣਿਤਨਹੀਂ ਕੀਤਾ ਜਾ ਸਕਦਾ।
3. ਜੋ ਕੁਝ ਪ੍ਰਮਾਣਿਮ ਹੁੰਦਾ ਹੈ ਉਹ ਕੇਵਲ ਮਾਨਸਿਕ ਵਿਚਾਰ ਹਨ ਤੇ ਉਨ੍ਹਾਂ ਤੋਂ ਇਲਾਵਾ ਕੁਝ ਨਹੀਂ।

ਇੰਝ ਹਿਊਮ ਦੇ ਸੰਦੇਹਵਾਦ ਵਿਚ ਆ ਕੇ ਅਨੁਭਵਵਾਦ ਆਪਣੀ ਉੱਚ ਸਿੱਖਰ ਤੇ ਪਹੁੰਚਦਾ ਹੈ। ਸੰਦੇਹਵਾਦ ਹੀ ਅੰਤਮ ਤਾਰਕਿਕ ਸਿੱਟਾ ਦਿਖਾਈ ਦਿੰਦਾ ਹੈ।

## 2.2.3 ਆਲੋਚਨਾ

ਅਨੁਭਵਵਾਦੀ ਦੀ ਆਲੋਚਨਾ ਹੇਠ ਲਿਖੇ ਆਧਾਰਾਂ ਤੇ ਕੀਤੀ ਜਾਂਦੀ ਹੈ:

### 1. ਅਨੁਭਵਵਾਦੀ ਆਪਣੇ ਆਪ ਨੂੰ ਪ੍ਰਮਾਣਿਤ ਨਹੀਂ ਕਰਦਾ :

ਅਨੁਭਵਵਾਦੀ ਕਹਿੰਦੇ ਹਨ ਕਿ ਇੰਦਰੀ ਅਨੁਭਵ ਹੀ ਗਿਆਨ ਦਾ ਇਕੋ ਇਕ ਸੋਮਾ ਤੇ ਪ੍ਰਮਾਣ ਹੈ।ਪ੍ਰੰਤੂ ਉਹ ਅਜਿਹਾ ਕਿਉਂ ਮੰਨਦੇ ਹਨ ਹੋਰ ਵੀ ਕਈ ਤਰ੍ਹਾਂ ਦੇ ਅਨੁਭਵ ਹੋ ਸਕਦੇ ਹਨ ਉਨ੍ਹਾਂ ਨੂੰ ਗਿਆਨ ਦਾ ਸੋਮਾ ਕਿਉਂ ਨਹੀਂ ਮੰਨਿਆ ਜਾ ਸਕਦਾ। ਮਿਸਾਲ ਵਜੋਂ ਧਾਰਮਿਕ ਅਨੁਭਵ ਵੀ ਇਕ ਤਰ੍ਹਾਂ ਅਨੁਭਵ ਹੀ ਹੈ ਤੇ ਉਸਤੋਂ ਵੀ ਜੀਵਨ ਬਾਰੇ ਕੁਝ ਸੱਚ ਪ੍ਰਾਪਤ ਹੁੰਦੇ ਹਨ। ਅਨੁਭਵਵਾਦੀ ਕਹਿੰਦੇ ਹਨ ਕਿ ਇੰਦਰੀ ਅਨੁਭਵ ਬਾਹਰੀ ਹੈ ਤੇ ਸਾਰਿਆਂ ਦੁਆਰਾ ਇਸਦੀ ਪੜਤਾਲ ਹੋ ਸਕਦੀ ਹੈ ਜਿਵੇਂ ਸਾਰੇ ਮੇਜ਼ ਨੂੰ ਵੇਖ ਕੇ ਸਾਰੇ ਪ੍ਰਮਾਣਿਤ ਕਰ ਸਕਦੇ ਹਨ ਕਿ ਇਹ ਮੇਜ਼ ਹੈ। ਪ੍ਰੰਤੂ ਧਾਰਮਿਕ ਅਨੁਭਵ ਅੰਦਰੂਨੀ ਤੇ ਨਿੱਜੀ ਹੁੰਦੇ ਹਨ ਜਿਨ੍ਹਾਂ ਦਾ ਆਪਣੇ ਆਪ ਵਿੱਚ ਕੋਈ ਪ੍ਰਮਾਣ ਨਹੀਂ। ਪ੍ਰੰਤੂ ਜੇ ਇਕ ਵਿਅਕਤੀ ਦਾ ਇੰਦਰੀ ਅਨੁਭਵ ਹੋਰ ਵਿਅਕਤੀ ਦੇ ਅਨੁਭਵ ਨਾਲ ਸੰਗਤ ਵਿੱਚ ਨਹੀਂ ਤਾਂ ਉਹ ਗਲਤ ਹੈ। ਫਿਰ ਇੰਦਰੀ ਅਨੁਭਵ ਸੋਮਾ ਜਾ ਪ੍ਰਮਾਣ ਕਿਵੇਂ ਹੋਏ। ਇਸ ਲਈ ਅਨੁਭਵਵਾਦ ਨੇ ਕੇਵਲ ਗਿਆਨ ਨੂੰ ਇੰਦਰੀ ਅਨੁਭਵ ਤੱਕ ਹੀ ਸੀਮਤ ਰੱਖਿਆ ਹੈ ਜਿਸ ਲਈ ਕੋਈ ਪ੍ਰਮਾਣ ਜਾਂ ਕਾਰਣ ਨਹੀਂ।

### 2. ਅਨੁਭਵਵਾਦ ਵਸਤੂ ਅਤੇ ਵਿਚਾਰ ਵਿਚ ਦਵੈਤ ਪੈਦਾ ਕਰਦਾ ਹੈ :

ਅਨੁਭਵ ਵਿਚ ਮਨ, ਵਿਚਾਰ ਤੇ ਵਸਤੂ ਦਾ ਮੇਲ ਹੁੰਦਾ ਹੈ ਜੇਕਰ ਵਿਚਾਰ ਮਾਨਸਿਕ ਹਨ ਤਾਂ ਉਹ ਵਸਤੂ ਤਕ ਕਿਵੇਂ ਪੁੱਜਦੇ ਹਨ ਜੇਕਰ ਵਸਤੂ ਸੁਤੰਤਰ ਸੱਤਾ ਰੱਖਦੀ ਹੈ ਤਾਂ ਉਹ ਵਿਚਾਰ ਵਿਚ ਕਿਵੇਂ ਆਉਂਦੀ ਹੈ ਇਸ ਤਰ੍ਹਾਂ ਵਿਚਾਰ ਤੇ ਵਸਤੂ ਵਿਚ ਭੇਦ ਪੈਦਾ ਹੁੰਦਾ ਹੈ ਜਿਸ ਨੂੰ ਅਨੁਭਵਵਾਦ ਹੁਣ ਤੱਕ ਦੂਰ ਨਹੀਂ ਕਰ ਸਕੇ। ਇਸਨੂੰ ਗਿਆਨ ਵਿਗਿਆਨ ਦਵੈਤਵਾਦ ਕਹਿੰਦੇ ਹਨ।

### 3. ਲਾਕ ਦਾ ਬਿੰਬ ਸਿਧਾਂਤ ਗਲਤ ਹੈ :

ਲਾਕ ਕਹਿੰਦਾ ਹੈ ਕਿ ਵਸਤੂ ਨੂੰ ਅਨੁਭਵ ਕਰਦੇ ਸਮੇਂ ਮਨ ਵਸਤੂ ਦੇ ਆਕਾਰ ਦਾ ਹੋ ਜਾਂਦਾ ਹੈ ਤੇ ਵਿਚਾਰ ਵਸਤੂ ਦਾ ਬਿੰਬ ਹੁੰਦਾ ਹੈ। ਹੁਣ ਜੇਕਰ ਹਰ ਇਕ ਵਿਚਾਰ ਵਸਤੂ ਦਾ ਬਿੰਬ ਹੈ ਤਾਂ ਵਿਚਾਰ ਕਦੇ ਗਲਤ ਨਹੀਂ ਹੋ ਸਕਦਾ। ਉਹ ਕਹਿੰਦਾ ਹੈ ਕਿ ਸੰਯੁਕਤ ਵਿਚਾਰ ਹੀ ਕੇਵਲ ਗਲਤ ਹੋ ਸਕਦੇ ਹਨ ਪਰ ਸਯੁੰਕਤ ਵਿਚਾਰ ਦੀ ਸਚਾਈ ਨੂੰ ਕੇਵਲ ਵਿਚਾਰਾਂ ਦੁਆਰਾ ਹੀ ਪਰਖਿਆ ਜਾਂਦਾ ਹੈ ਜੇਕਰ ਵਿਚਾਰ ਠੀਕ ਹੈ ਤਾਂ ਸੰਯੁਕਤ ਵਿਚਾਰ ਕਿਵੇਂ ਗਲਤ ਹੋ ਸਕਦਾ ਹੈ। ਲਾਕ ਕਹਿੰਦਾ ਹੈ ਕਿ ਉਨ੍ਹਾਂ ਵਿਚ ਆਤਮ-ਸੰਗਤੀ ਨਹੀਂ ਹੁੰਦੀ। ਇਸ ਤਰ੍ਹਾਂ ਸਚਾਈ ਦਾ ਪ੍ਰਮਾਣ-ਸੰਗਤੀ ਨਹੀਂ ਹੁੰਦੀ। ਇਸ ਤਰ੍ਹਾਂ ਸਚਾਈ ਦਾ ਪ੍ਰਮਾਣ ਅਨੁਭਵ ਦੀ ਥਾਂ ਤੇ ਸੰਸ਼ਲੇਸ਼ਣ ਹੋ ਜਾਂਦਾ ਹੈ ਜਦੋਂ ਕਿ ਵਿਚਾਰ ਦਾ ਪ੍ਰਮਾਣ ਤੱਥ ਨਾਲ ਸੰਵਾਦ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਬਿੰਬ ਸਿਧਾਤ ਜੋ ਅਨੁਭਵ ਨੂੰ ਸੱਚ ਦਾ ਪ੍ਰਮਾਣ ਬਣਾਉਂਦਾ ਹੈ, ਨਿਰਮੂਲ ਹੈ।

### 4. ਸੱਤਾ ਤੇ ਪ੍ਰਤੱਖ ਵਿਚ ਅੰਤਰ ਹੈ :

ਸੱਤਾ ਵਸਤਾਂ ਦਾ ਇਕ ਵਿਸ਼ੇਸ਼ ਗੁਣ ਹੈ ਪਰ ਵਸਤਾਂ ਮਨ ਦੁਆਰਾ ਜਾਣੀਆਂ ਜਾਂਦੀਆਂ ਹਨ। ਪਰ ਇਹ ਅਚਨਚੇਤੀ ਗੁਣ ਹੈ ਸੱਤਾ ਨੂੰ ਵਸਤੂ ਤੋਂ ਵੱਖ ਕਰਨਾ ਅਸੰਭਵ ਹੈ ਪਰ ਉਸਦੇ ਵਿਚਾਰ ਨੂੰ ਉਸ ਤੋਂ ਵੱਖ ਕੀਤਾ ਜਾ ਸਕਦਾ ਹੈ। ਇਸ ਲਈ ਵਸਤੂ ਦੀ ਸੱਤਾ ਤੇ ਉਸਦੇ ਵਿਚਾਰ ਨੂੰ ਇਕ ਮੰਨ ਕੇ ਭੁੱਲ ਕੀਤੀ ਹੈ।

### 5. ਤੱਥਾਂ ਬਾਰੇ ਨਿਸ਼ਚਿਤ ਗਿਆਨ ਸੰਭਵ ਹੈ :

ਹਿਊਮ ਕਹਿੰਦਾ ਹੈ ਕਿ ਅਨੁਭਵਵਾਦੀ ਆਧਾਰ ਉਪਰ ਨਿਸ਼ਚਿਤ ਗਿਆਨ ਅਸੰਭਵ ਹੈ ਪਰ ਵਿਗਿਆਨ ਦੇ ਖੇਤਰ ਵਿਚ ਤੱਥਾਂ ਬਾਰੇ ਗਿਆਨ ਹੀ ਹੁੰਦਾ ਹੈ ਜੋ ਕਾਫ਼ੀ ਮਾਤਰਾ ਵਿਚ ਨਿਸ਼ਚਿਤ ਵੀ ਹੁੰਦਾ ਹੈ। ਹਿਊਮ ਕੇਵਲ ਸਹਿਚਾਰ ਨੂੰ ਆਧਾਰ ਮੰਨਦਾ ਹੈ ਤੇ ਕਾਰਨਤਾ ਨੂੰ ਵੀ ਅਨਿਸ਼ਚਿਤ ਮੰਨਦਾ ਹੈ। ਪਰ ਵਿਗਿਆਨ ਵਿਚ ਕਾਰਨਤਾ ਨਿਸ਼ਚਿਤ ਹੁੰਦੀ ਹੈ। ਜੇਕਰ ਕਾਰਨ ਹੁੰਦੀ ਹੈ ਤਾਂ ਉਸਦਾ ਸਿੱਟਾ ਵੀ ਜ਼ਰੂਰ ਹੁੰਦਾ ਹੈ। ਜਿਵੇਂ ਦੋ ਗੈਸਾਂ ਦੇ ਮਿਸ਼ਰਨ ਨਾਲ ਪਾਣੀ ਬਣਦਾ ਹੈ। ਇਹ ਨਿਸ਼ਚਿਤ ਸਚਾਈ ਹੈ। ਭਾਵੇਂ ਅਨੁਭਵ ਰਾਹੀਂ ਗਿਆਨ ਸੰਭਾਵੀ ਹੁੰਦਾ ਹੈ ਪਰ ਉਸ ਵਿਚ ਸੰਦੇਹ ਦਾ ਸਥਾਨ ਬਹੁਤ ਘੱਟ ਹੁੰਦਾ ਹੈ। ਨਿਸ਼ਚਿਤ ਗਿਆਨ ਸੰਭਵ ਹੈ। ਸੰਦੇਹਵਾਦ ਵਿਅਰਥ ਅਤੇ ਆਤਮਘਾਤੀ ਹੈ। ਜੇਕਰ ਅਨੁਭਵਵਾਦ ਦਾ ਅੰਤਮ ਸਿੱਟਾ ਸੰਦੇਹਵਾਦ ਹੀ ਹੈ ਤਾਂ ਅਨੁਭਵਵਾਦ ਵੀ ਬੇਕਾਰ ਹੈ।

### 6. ਵਿਚਾਰਾਂ ਦੀ ਅਸੰਬੰਧਤਾ ਅਮਨੋਵਿਗਿਆਨਕ ਹੈ :

ਅਨੁਭਵਵਾਦੀ ਕਹਿੰਦੇ ਹਨ ਕਿ ਮਨ ਵਿਚ ਸੰਵੇਦਨਾਵਾਂ ਪੈਦਾ ਹੁੰਦੀਆਂ ਹਨ ਜੋ ਵਿਚਾਰ ਬਣਦੀਆਂ ਹਨ ਅਤੇ ਉਹ ਇਕ ਇਕ ਕਰਕੇ ਪੈਦਾ ਹੁੰਦੀਆਂ ਹਨ ਉਨ੍ਹਾਂ ਵਿਚ ਸੁਭਾਵਿਕ ਸੰਬੰਧਤਾ ਨਹੀਂ ਹੈ ਕੇਵਲ ਸਹਿਚਾਰ ਹੀ ਹੋ ਸਕਦਾ ਹੈ। ਪਰ ਗਿਸਟਾਲਟ ਮਨੋਵਿਗਿਆਨ ਦੀ ਇਸ ਗੱਲ ਨੂੰ ਨਹੀਂ ਮੰਨਦਾ ਕਿਉਂਕਿ ਉਹ ਇਹ ਸਿੱਧ ਕਰਦਾ ਹੈ ਕਿ ਸਾਰੀਆਂ ਸੰਵੇਦਨਾਵਾਂ ਇਕੱਠੀਆਂ ਸੰਗਠਿਤ ਰੂਪ ਵਿਚ ਪੈਦਾ ਹੁੰਦੀਆਂ ਹਨ। ਜੇ ਗਿਸਟਾਲਟ ਪ੍ਰਣਾਲੀ ਠੀਕ ਹੈ ਤਾਂ ਅਨੁਭਵਵਾਦ ਦਾ ਵਿਸ਼ਲੇਸ਼ਣ ਗਲਤ ਹੈ ਕਿ ਵਿਚਾਰ ਇਕ ਇਕ ਕਰਕੇ ਪੈਦਾ ਹੁੰਦੇ ਹਨ।

### 7. ਮਨ ਪ੍ਰਤੱਖੀਕਰਨ ਵਿੱਚ ਕ੍ਰਿਆਸ਼ੀਲ ਹੁੰਦਾ ਹੈ :

ਅਨੁਭਵਵਾਦੀ ਸੰਵੇਦਨਾ ਵਿਚ ਮਨ ਨੂੰ ਨਿਸ਼ ਕ੍ਰਿਆਸ਼ੀਲ ਮੰਨਦੇ ਹਨ ਪ੍ਰੰਤੂ ਸੰਯੁਕਤ ਵਿਚਾਰਾਂ ਵਿਚ ਮਨ ਕ੍ਰਿਆਸ਼ੀਲ ਹੁੰਦਾ ਹੈ ਪਰ ਇਹ ਗੱਲ ਮਨੋਵਿਗਿਆਨਕ ਦ੍ਰਿਸ਼ਟੀਕੋਣ ਤੋਂ ਗਲਤ ਹੈ ਕਿਉਂਕਿ ਮਨ ਹਰ ਤਰ੍ਹਾਂ ਦੇ ਅਨੁਭਵ ਵਿਚ ਕ੍ਰਿਆਸ਼ੀਲ ਹੁੰਦਾ ਹੈ। ਭਾਵੇਂ ਉਹ ਅਨੁਭਵ ਪ੍ਰਤੱਖ ਹੈ ਜਾਂ ਨਹੀਂ। ਪ੍ਰਤੱਖੀਕਰਨ ਵਿਅਕਤੀ ਦੀ ਇੱਛਾ, ਧਿਆਨ, ਰੁੱਚੀ ਤੇ ਨਿਰਭਰ ਰਹਿੰਦਾ ਹੈ। ਇੰਝ ਅਨੁਭਵਵਾਦੀਆਂ ਦੀਆਂ ਗਿਆਨ ਦੀ ਪ੍ਰਕ੍ਰਿਆ ਦਾ ਵਿਸ਼ਲੇਸ਼ਣ ਗਲਤ ਹੈ।

### 8. ਇੰਦਰੀ-ਅਨੁਭਵ ਅੰਸ਼ਿਕ, ਸਾਪੇਖੀ ਤੇ ਬਾਹਰੀ ਹੈ:

ਬਰਗਸਾਂ ਨੇ ਇੰਦਰੀ-ਅਨੁਭਵ ਦੇ ਸਰੂਪ ਨੂੰ ਤਰੁੱਟੀਪੂਰਨ ਸਿੱਧ ਕੀਤਾ ਹੈ। ਉਹ ਕਹਿੰਦਾ ਹੈ ਕਿ ਪ੍ਰਤੱਖ ਵਸਤੂ ਅੰਸ਼ਿਕ ਚਿੱਤਰ ਹੀ ਹੁੰਦਾ ਹੈ ਕਿਉਂ ਅਸੀਂ ਉਸਨੂੰ ਕੇਵਲ ਇਕ ਕੋਨੇ ਤੋਂ ਹੀ ਵੇਖਦੇ ਹਾਂ। ਸਾਰੇ ਪਾਸਿਆਂ ਨੂੰ ਵੇਖਣਾ ਸੰਭਵ ਨਹੀਂ ਹੁੰਦਾ। ਇਹ ਅਨੁਭਵ ਵਿਅਕਤੀ ਦੀਆਂ ਸਰੀਰਕ ਤੇ ਮਾਨਸਿਕ ਸਥਿਤੀਆਂ ਉਤੇ ਨਿਰਭਰ ਹੁੰਦਾ ਹੈ ਇਸ ਲਈ ਇਹ ਨਿੱਜੀ ਤੇ ਸਾਪੇਖੀ ਜ਼ਰੂਰੀ ਹੋਵੇਗਾ। ਅਨੁਭਵ ਤੋਂ ਨਿਰਪੇਖ ਗਿਆਨ ਅਸੰਭਵ ਹੈ।

ਇਸੇ ਤਰ੍ਹਾਂ ਅਨੁਭਵ ਸਾਨੂੰ ਇਕ ਵਸਤੂ ਦਾ ਕੇਵਲ ਬਾਹਰੀ ਗਿਆਨ ਹੀ ਪ੍ਰਦਾਨ ਕਰ ਸਕਦਾ ਹੈ। ਜਦੋਂ ਅਸੀਂ ਕਿਸੇ ਵਸਤੂ ਨੂੰ ਵੇਖਦੇ ਹਾਂ ਤਾਂ ਅਸੀਂ ਉਸਦੇ ਮਨ ਵਿਚ ਪ੍ਰਚਲਿਤ ਖੁਸ਼ੀ ਜਾਂ ਦੁੱਖ ਦੀ ਸਥਿਤੀ ਨਹੀਂ ਵੇਖ ਸਕਦੇ। ਇਸ ਲਈ ਬਰਗਸਾਂ ਇੰਦਰੀ ਅਨੁਭਵ ਨੂੰ ਸੱਚੇ ਗਿਆਨ ਦਾ ਸੋਮਾ ਨਹੀਂ ਮੰਨਦਾ ਸਗੋਂ ਅੰਤਰਦ੍ਰਿਸ਼ਟੀ ਨੂੰ ਗਿਆਨ ਦਾ ਸ੍ਰੋਤ ਮੰਨਦਾ ਹੈ।

## 2.2.4 ਸਿੱਟਾ :

ਅਸੀਂ ਵੇਖਦੇ ਹਾਂ ਕਿ ਇੰਦਰੀ ਅਨੁਭਵ ਤੋਂ ਇਲਾਵਾ ਗਿਆਨ ਲਈ ਬੁੱਧੀ ਜਾਂ ਤਰਕ ਪ੍ਰਕ੍ਰਿਆ ਦੀ ਲੋੜ ਪੈਂਦੀ ਹੈ। ਅਨੁਭਵ ਰਾਹੀਂ ਜੋ ਸਮੱਗਰੀ ਪ੍ਰਾਪਤਾ ਹੁੰਦੀ ਹੈ ਜਦੋਂ ਤਕ ਉਸਨੂੰ ਸੰਗਠਤ ਨਾ ਕੀਤਾ ਜਾਵੇ ਉਹ ਗਿਆਨ ਨਹੀਂ ਬਣਦੀ ਅਤੇ ਅਜਿਹੀ ਸਮੱਗਰੀ ਨੂੰ ਸੰਗਠਿਤ ਕਰਨ ਲਈ ਬੁੱਧੀ ਆਦਿ ਸ਼ਕਤੀਆਂ ਦਾ ਸਹਾਰਾ ਲੈਣਾ ਪੈਂਦਾ ਹੈ। ਕਾਂਟ ਨੇ ਇਨ੍ਹਾਂ ਸ਼ਕਤੀਆਂ ਵਿਚ ਬੁੱਧੀ ਪ੍ਰਤੀ ਪਤੀਆਂ ਸ਼ਾਮਿਲ ਕੀਤੀਆਂ ਹਨ। ਇਸ ਤੋਂ ਸਿੱਟਾ ਨਿਕਲਦਾ ਹੈ ਕਿ ਬੁੱਧੀ ਦੇ ਬਿਨਾਂ ਅਨੁਭਵ ਕੇਵਲ ਕੱਚੀ ਸਮੱਗਰੀ ਹੈ, ਗਿਆਨ ਨਹੀਂ। ਇੰਜ ਕਿਸੇ ਵੀ ਗਿਆਨ ਮੀਮਾਂਸਾ ਵਿੱਚ ਤਰਕ ਜਾਂ ਬੁੱਧੀ ਦੀ ਮਹੱਤਤਾ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਅਨੁਭਵਵਾਦ ਵਿਚ ਅਨੇਕਾਂ ਤਰੁੱਟੀਆਂ ਹਨ ਪਰ ਇਸਦਾ ਅਰਥ ਇਹ ਨਹੀਂ ਕਿ ਇਹ ਗਲਤ ਸਿਧਾਂਤ ਹੈ। ਇਸ ਸਿਧਾਂਤ ਦੇ ਦਾਰਸ਼ਨਿਕਾਂ ਨੇ ਧਿਆਨ ਦ੍ਰਵ ਤੇ ਸੰਸਾਰ ਤੋਂ ਹਟਾ ਕੇ ਗਿਆਨ-ਵਿਗਿਆਨਕ ਅਤੇ ਗਿਆਨ ਦੀ ਪ੍ਰਕ੍ਰਿਆ ਵੱਲ ਕੇਂਦਰਤ ਕੀਤਾ ਹੈ। ਅਨੁਭਵਵਾਦੀਆਂ ਨੇ ਆਪ ਗਿਆਨ ਦੀ ਪ੍ਰਕ੍ਰਿਆ ਦਾ ਗੰਭੀਰ ਵਿਸ਼ਲੇਸ਼ਣ ਕੀਤਾ ਹੈ। ਇਹੀ ਅਨੁਭਵਵਾਦੀਆਂ ਦੀ ਸਭ ਤੋਂ ਵੱਡੀ ਦੇਣ ਹੈ। ਉਨ੍ਹਾਂ ਦੇ ਆਧਾਰਾਂ ਤੇ ਆਧੁਨਿਕ ਗਿਆਨ ਮੀਮਾਂਸਾ ਦਾ ਵਿਕਾਸ ਹੋਇਆ ਹੈ ਅਤੇ ਵਿਗਿਆਨ ਦੀ ਪ੍ਰਗਤੀ ਦਾ ਰਾਹ ਖੁਲ੍ਹਿਆ ਹੈ। ਖਾਸ ਕਰਕੇ ਹਿਊਮ ਦੀ ਵਿਸ਼ਲੇਸ਼ਣ ਦੀ ਵਿਧੀ ਦਾ ਵਿਕਾਸ ਹੋਇਆ ਹੈ ਜੋ ਤਾਰਕਿਕ ਅਨੁਭਵਵਾਦੀਆਂ ਦਾ ਉਪਕਰਣ ਬਣਿਆ ਹੈ।

## 2.2.5 ਪ੍ਰਸ਼ਨ

1. ਗਿਆਨ ਮੀਮਾਂਸਾ
2. ਗਿਆਨ ਮੀਮਾਂਸਾ ਦੀਆਂ ਸਮੱਸਿਆਵਾਂ
3. ਅਨੁਭਵਵਾਦ
4. ਜਨਮ-ਜਾਤ ਵਿਚਾਰ ਦਾ ਸਿਧਾਂਤ
5. ਬਰਕਲੇ ਦਾ 'ਸੱਤਾ ਪ੍ਰਤੱਖ ਹੈ' ਦਾ ਸਿਧਾਂਤ
6. ਹਿਊਮ ਦਾ ਸੰਦੇਹਵਾਦ

## ਵੱਡੇ ਪ੍ਰਸ਼ਨ

1. ਅਨੁਭਵਵਾਦ ਦੀ ਗਿਆਨ ਦੇ ਸਿਧਾਂਤ ਦੇ ਤੌਰ ਤੇ ਚਰਚਾ ਕਰੋ।
2. ਲਾਕ ਅਨੁਸਾਰ ਗਿਆਨ ਦੀ ਉੱਤਪਤੀ ਵਿਕਾਸ ਅਤੇ ਸ਼ੁੱਧਤਾ ਬਾਰੇ ਚਰਚਾ ਕਰੋ।

## 2.2.6 ਵਧੇਰੇ ਜਾਣਕਾਰੀ ਲਈ ਪਾਠ ਪੁਸਤਕਾਂ ਦੀ ਸੂਚੀ


(i) ਵਿੰਗ ਈਸ਼ੂਜ ਇਨ ਫਿਲਾਸਫੀ - ਟਾਇਟਸ

(ii) 20 ਸੈਂਚਰੀ ਫਿਲਾਸਫੀ ਐ.ਜੇ. ਏਅਰ

(iii) ਪੱਛਮੀ ਦਰਸ਼ਨ ਦਾ ਇਤਿਹਾਸ ਬੀ.ਐਮ.ਰਾਏ ਭੱਲਾ, ਆਰ. ਡੀ.ਨਿਰਾਕਾਰੀ

(iv) ਹਿਸਟਰੀ ਆਫ ਵੈਸਟਰਨ ਫਿਲਾਸਫੀ ਫਰੈਂਕ ਖਿਲੀ।

ਪਾਠ ਨੰ. 2.3 ਲੇਖਕ : ਪ੍ਰੋ.ਜੀ.ਐਸ. ਸੰਧੂ

# ਅੰਤਰ-ਦ੍ਰਿਸ਼ਟੀਵਾਦ (Intutionism)

**ਬਣਤਰ**

2.3.1 ਜਾਣ-ਪਹਿਚਾਣ

2.3.2 ਅੰਤਰ-ਦ੍ਰਿਸ਼ਟੀਵਾਦ ਦੇ ਸਿਧਾਂਤ

2.3.3 ਬਰਗਸਾਂ ਦਾ ਸਿਧਾਂਤ

2.3.4 ਆਲੋਚਨਾ

2.3.5 ਆਪਣੇ ਗਿਆਨ ਦੀ ਪਰਖ ਕਰੋ

## 2.3.1 ਜਾਣ-ਪਹਿਚਾਣ

ਅੰਤਰ ਦ੍ਰਿਸ਼ਟੀਵਾਦ ਇਕ ਅਜਿਹਾ ਗਿਆਨ ਮੀਮਾਂਸਕ ਸਿਧਾਂਤ ਹੈ, ਜਿਸਦੇ ਅਨੁਸਾਰ ਸੱਚੇ ਗਿਆਨ ਦਾ ਸੋਮਾ ਕੇਵਲ ਅੰਤਰ-ਦ੍ਰਿਸ਼ਟੀ ਹੈ। ਗਿਆਨ ਦੇ ਕਈ ਹੋਰ ਸੋਮੇ ਹਨ ਜਿਵੇਂ ਅਨੁਭਵ ਤੇ ਤਰਕ ਬੁੱਧੀ ਪ੍ਰੰਤੂ ਉਨ੍ਹਾਂ ਤੋਂ ਜੋ ਗਿਆਨ ਪ੍ਰਾਪਤ ਹੁੰਦਾ ਹੈ, ਉਹ ਕਦੇ ਨਹੀਂ ਠੀਕ ਹੋ ਸਕਦਾ। ਸਭ ਤੋਂ ਪਹਿਲਾਂ ਇਹ ਜਾਨਣਾ ਜ਼ਰੂਰੀ ਹੈ ਕਿ ਅੰਤਰ ਦ੍ਰਿਸ਼ਟੀ ਕੀ ਹੈ? ਅਸੀਂ ਅੰਤਰ-ਦ੍ਰਿਸ਼ਟੀ ਦੇ ਸਰੂਪ ਦਾ ਪਹਿਲਾਂ ਵੀ ਅਧਿਐਨ ਕੀਤਾ ਹੈ। ਇਸਦੇ ਸਰੂਪ ਦੀਆਂ ਅਨੇਕਾਂ ਵਿਆਖਿਆਵਾਂ ਹਨ। ਇਸੇ ਲਈ ਇਸਨੂੰ ਅੰਤਰਬੁਧੀ ਵੀ ਕਿਹਾ ਜਾਂਦਾ ਹੈ। ਅੰਤਰਦ੍ਰਿਸ਼ਟੀ ਦੀ ਪ੍ਰਕ੍ਰਿਆ ਨੂੰ ਇੰਦਰੀ-ਅਨੁਭਵ ਜਾਂ ਤਰਕ ਬੁੱਧੀ ਦੀ ਕੋਈ ਲੋੜ ਨਹੀਂ ਹੈ। ਅੰਤਰ-ਦ੍ਰਿਸ਼ਟੀ ਨੂੰ ਅਨੁਭੂਤੀ ਕਿਹਾ ਗਿਆ ਹੈ। ਇਸ ਲਈ ਇਸ ਦੀ ਤੁਲਨਾ ਨੈਸਰਗਿਕ ਪ੍ਰਵਿਰਤੀ ਨਾਲ ਕੀਤੀ ਜਾਂਦੀ ਹੈ। ਕਿਉਂਕਿ ਪਸ਼ੂਆਂ ਵਿਚ ਇਹ ਅਨੇਕਾਂ ਪਰਿਸਥਿਤੀਆਂ ਵਿਚ ਗਿਆਨ ਦਾ ਸਾਧਨ ਬਣ ਕੇ ਕੰਮ ਕਰਦੀ ਹੈ।

ਬਰਗਸਾਂ ਦੀ ਭੌਤਿਕ ਹਮਦਰਦੀ ਅਸਲ ਵਿਚ ਤਦ-ਅਨੁਭੂਤੀ ਹੈ। ਅੰਦਰੂਨੀ ਗਿਆਨ ਸਰਵ ਪੱਖੀ, ਪੂਰਨ ਤੇ ਸੱਚਾ ਹੋਵੇਗਾ। ਅੰਤਰਦ੍ਰਿਸ਼ਟੀ ਦੇ ਸਰੂਪ ਦੀ ਵਿਆਖਿਆ ਮਨੋਵਿਗਿਆਨਕ ਤੇ ਨੈਤਿਕ ਢੰਗ ਨਾਲ ਕਰਨ ਦਾ ਵੀ ਯਤਨ ਕੀਤਾ ਜਾਂਦਾ ਹੈ। ਪ੍ਰੰਤੂ ਫਰਾਇਡ ਅੰਤਰ ਦ੍ਰਿਸ਼ਟੀ ਨੂੰ ਅਚੇਤਨ ਮਨ ਵਿਚ ਦੱਬੇ ਪਏ ਮਾਤਾ ਪਿਤਾ ਦੇ ਆਦੇਸ਼ਾਂ ਦੇ ਸੰਸਕਾਰ ਦਾ ਪੁੱਤਰ ਕਹਿੰਦਾ ਹੈ। ਹਾਕਿੰਗ ਵੀ ਇਸਨੂੰ ਅਨੁਭੂਤੀ ਕਹਿੰਦਾ ਹੈ। ਇਸਨੂੰ ਗਿਆਨ ਦਾ ਸੋਮਾ ਮੰਨਣਾ ਪਵੇਗਾ ਤੇ ਇਹ ਕਹਿਣਾ ਪਵੇਗਾ ਕਿ ਅੰਤਰ ਦ੍ਰਿਸ਼ਟੀ ਦੁਆਰਾ ਪ੍ਰਾਪਤ ਗਿਆਨ ਪ੍ਰੱਤਖ, ਤੱਤਕਾਲ, ਸਪਸ਼ਟ, ਨਿਸ਼ਚਤ ਹੁੰਦਾ ਹੈ ਜੋ ਆਪਣਾ ਪ੍ਰਮਾਣ ਆਪ ਲੈ ਕੇ ਆਉਂਦਾ ਹੈ।

2.3.2 ਜੋ ਲੇਖਕ ਅੰਤਰਦ੍ਰਿਸ਼ਟੀ ਨੂੰ ਗਿਆਨ ਦਾ ਸੋਮਾ ਤੇ ਪ੍ਰਮਾਣ ਮੰਨਦੇ ਹਨ, ਉਹ ਅੰਤਰ ਦ੍ਰਿਸ਼ਟੀਵਾਦ ਨੂੰ ਹੇਠ ਲਿਖੇ ਸਿਧਾਂਤਾਂ ਤੇ ਖੜਾ ਕਰਨਾ ਚਾਹੁੰਦੇ ਹਨ :

1. ਅੰਤਰ ਦ੍ਰਿਸ਼ਟੀ ਸਾਡੇ ਗਿਆਨ ਦਾ ਸੱਚਾ ਸੋਮਾ ਹੈ।
2. ਅੰਤਰ ਦ੍ਰਿਸ਼ਟੀਵਾਦ ਗਿਆਨ ਦੇ ਹੋਰ ਸੋਮੇ ਮੰਨਦੇ ਹਨ। ਜਿਵੇਂ ਅਨੁਭਵ ਅਤੇ ਤਰਕ, ਪ੍ਰੰਤੂ ਉਹ ਕਹਿੰਦੇ

ਹਨ ਕਿ ਉਹਨਾਂ ਵਿੱਚ ਸੱਚੇ ਗਿਆਨ ਅਤੇ ਸੱਚ ਦੀ ਕੋਈ ਉਮੀਦ ਨਹੀਂ, ਕਿਉਂਕਿ ਉਹਨਾਂ ਦੀ ਕਾਰਜ ਵਿਧੀ ਗਲਤ ਤੇ ਦੋਸ਼ਪੂਰਨ ਹੈ।

3. ਅੰਤਰਦ੍ਰਿਸ਼ਟੀ ਨੂੰ ਕਿਸੇ ਹੋਰ ਪ੍ਰਮਾਣ ਦੀ ਲੋੜ ਨਹੀਂ ਹੁੰਦੀ। ਵਿਅਕਤੀ ਮਹਿਸੂਸ ਕਰਦਾ ਹੈ ਕਿ ਜੋ ਅੰਤਰ ਦ੍ਰਿਸ਼ਟੀ ਕਹਿੰਦੀ ਹੈ ਉਹ ਇਕਦਮ ਸੱਚ ਹੈ। ਇਸ ਵਿਚ ਸੰਦੇਹ ਦੀ ਕੋਈ ਗੁੰਜਾਇਸ਼ ਨਹੀਂ ਹੈ।

4. ਅੰਤਰਦ੍ਰਿਸ਼ਟੀ ਦੀ ਵਰਤੋਂ ਪਸ਼ੂ ਦੇ ਜੀਵਨ ਤੋਂ ਲੈ ਕੇ ਮਨੁੱਖ ਦੇ ਜੀਵਨ ਵਿਚ ਨੀਤੀ, ਧਰਮ ਆਦਿ ਖੇਤਰਾਂ ਵਿੱਚ ਹੁੰਦੀ ਹੈ।

5. ਅੰਤਰਦ੍ਰਿਸ਼ਟੀ ਦੇ ਗਿਆਨ ਦੀ ਵਿਧੀ ਸੰਸ਼ਲੇਸ਼ਣਾਤਮਕ ਹੁੰਦੀ ਹੈ। ਇਹ ਵਸਤੂ ਤੇ ਵਿਅਕਤੀ ਨੂੰ ਪੂਰਨ ਵਿੱਚ ਲੈਂਦਾ ਹੈ।

6. ਅੰਤਰਦ੍ਰਿਸ਼ਟੀ ਵਿਆਪਕ ਸੰਕਲਪਾਂ ਅਤੇ ਭਾਸ਼ਾ ਦੇ ਸ਼ਬਦਾਂ ਜਾਂ ਪਦਾਂ ਦੀ ਵਿਰੋਧਤਾ ਕਰਦਾ ਹੈ।

### 2.3.3 ਬਰਗਸਾਂ ਦਾ ਸਿਧਾਂਤ :

ਇਹ ਨਿਰਸੰਦੇਹ ਇਕ ਸ਼ੁੱਧ ਅੰਤਰ ਦ੍ਰਿਸ਼ਟੀਵਾਦੀ ਹੈ। ਉਸਦੀ ਗਿਆਨ ਮੀਮਾਂਸਾ ਦੇ ਦੋ ਪੱਖ ਹਨ ;-

1. ਖੰਡਨਾਤਮਕ

2. ਮੰਡਨਾਤਮਕ

1. ਖੰਡਨਾਤਮਕ ਪੱਖ :- ਇਸ ਪੱਖ ਵਿੱਚ ਬਰਗਸਾਂ ਅਨੁਭਵਵਾਦੀ ਤੇ ਤਰਕਬੁੱਧੀ ਗਿਆਨ ਮੀਮਾਂਸਾ ਦਾ ਭਰਪੂਰ ਖੰਡਨ ਕਰਦਾ ਹੈ ਇਸਦਾ ਇੰਦਰੀ ਅਨੁਭਵ ਅਤੇ ਤਰਕ ਦੇ ਸਰੂਪ ਦਾ ਵਿਸ਼ਲੇਸ਼ਣ ਬਹੁਤ ਗੰਭੀਰ ਹੈ।

### (ੳ) ਅਨੁਭਵਵਾਦ ਖੰਡਨ :

**(1) ਅਨੁਭਵ ਅੰਸ਼ਿਕ ਤੇ ਇਕ ਪੱਖੀ ਗਿਆਨ ਹੈ :-** ਇਹ ਵਸਤੂ ਦਾ ਇਕ ਪਾਸੜ ਨਿਰੀਖਣ ਕਰ ਸਕਦਾ ਜਿਵੇਂ ਕਿਸੇ ਮੇਜ਼ ਦੀ ਇਹ ਪਾਸੇ ਤੋਂ ਲਈ ਫੋਟੋ ਹੋਵੇ। ਕਦੇ ਵੀ ਵਸਤੂ ਨੂੰ ਸਾਰੇ ਪਾਸੇ ਤੋਂ ਨਹੀਂ ਦੇਖਿਆ ਜਾ ਸਕਦਾ। ਇਕ ਪਾਸੇ ਤੋਂ ਜੋ ਚਿੱਤਰ ਮਿਲਦਾ ਹੈ, ਉਹ ਵਸਤੂ ਦੀ ਸਮੁੱਚੀ ਆਕ੍ਰਿਤੀ ਨਹੀਂ ਹੁੰਦੀ।

**(2) ਅਨੁਭਵ ਬਾਹਰੀ ਗਿਆਨ ਦਿੰਦਾ ਹੈ :-** ਜਦੋਂ ਅਸੀਂ ਇਕ ਵਸਤੂ ਦਾ ਨਿਰੀਖਣ ਕਰਦੇ ਹਾਂ, ਤਾਂ ਅਸੀਂ ਬਾਹਰ ਤੋਂ ਹੀ ਦੇਖਦੇ ਹਾਂ। ਗਿਆਨ ਇੰਦਰੀਆਂ ਵਸਤੂ ਦੇ ਬਾਹਰੀ ਆਕਾਰ, ਰੂਪ, ਰੰਗ ਆਦਿ ਦਾ ਗਿਆਨ ਦਿੰਦੀਆਂ ਹਨ। ਬਾਹਰੀ ਨਿਰੀਖਣ ਤੋਂ ਉਹ ਵਸਤੂ ਅਸਲ ਵਿੱਚ ਕੀ ਹੈ? ਪਤਾ ਨਹੀਂ ਚਲਦਾ। ਵਸਤੂ ਦਾ ਅੰਦਰੂਨੀ ਪੱਖ ਉਸਦਾ ਸਰੂਪ ਹੈ, ਉਸਦੇ ਗੁਣ ਆਦਿ ਅਨੁਭਵ ਦੇ ਘੇਰੇ ਤੋਂ ਬਾਹਰ ਪਏ ਰਹਿੰਦੇ ਹਨ। ਸਾਰਾ ਗਿਆਨ ਅਨੁਭਵ ਦੁਆਰਾ ਸੰਭਵ ਨਹੀਂ। ਅਨੁਭਵ ਜੋ ਬਾਹਰੀ ਗਿਆਨ ਹੀ ਦੇ ਸਕਦਾ ਹੈ, ਗਿਆਨ ਮੀਮਾਂਸਾ ਦਾ ਆਧਾਰ ਨਹੀਂ ਬਣ ਸਕਦਾ।

**(3) ਅਨੁਭਵ ਸਾਪੇਖ ਗਿਆਨ ਦਿੰਦਾ ਹੈ :-** ਅਨੁਭਵ ਇਕ ਵਿਸ਼ੇਸ਼ ਸਮੇਂ ਤੇ ਉਸਦੀ ਸਰੀਰਕ ਤੇ ਮਾਨਸਿਕ ਸਥਿਤੀਆਂ ਤੇ ਨਿਰਭਰ ਹੈ। ਇਹ ਵਿਅਕਤੀਗਤ ਹੁੰਦਾ ਹੈ। ਉਹ ਉਸਦੇ ਧਿਆਨ ਇੰਦਰੀਆਂ, ਰੁਚੀ ਆਦਿ ਤੇ ਨਿਰਭਰ ਹੁੰਦਾ ਹੈ। ਇਕ ਵਿਅਕਤੀ ਦੇਖਦਾ ਹੈ, ਜੋ ਉਹ ਦੇਖਣਾ ਚਾਹੁੰਦਾ ਹੈ। ਉਹ ਉਵੇਂ ਨਹੀਂ ਦੇਖ ਸਕਦਾ, ਜਿਵੇਂ ਇਕ ਵਸਤੂ ਅਸਲ ਵਿੱਚ ਹੈ। ਇਸ ਲਈ ਅਨੁਭਵ ਸਦਾ ਸਾਪੇਖ ਗਿਆਨ ਹੀ ਦੇ ਸਕਦਾ ਜਿਵੇਂ ਇਕ ਵਿਅਕਤੀ ਦੂਜੇ ਨੂੰ ਇਸ ਤਰ੍ਹਾਂ ਦੇਖਦਾ ਹੈ ਜਿਵੇਂ ਉਸਦੇ ਨਾਲ ਉਸਦੇ ਸੰਬੰਧ ਹਨ ਅਤੇ ਉਹ ਉਸਨੂੰ ਜਿਸ ਤਰ੍ਹਾਂ ਉਹ ਹੈ, ਨਹੀਂ ਦੇਖ ਸਕੇਗਾ। ਜੇਕਰ ਉਹ ਉਸਦੇ ਨਾਲ ਵੈਰ ਦੇ ਭਾਵ

ਰੱਖਦਾ ਹੈ ਤਾ ਉਹ ਉਸਦਾ ਅਸਲੀ ਗਿਆਨ ਪ੍ਰਾਪਤ ਨਹੀਂ ਕਰ ਸਕਦਾ।

**(4) ਅਨੁਭਵ ਭਾਸ਼ਾ ਦੇ ਵਿਆਪਕ ਆਦਰਸ਼ਾਂ ਵਿਚ ਪ੍ਰਗਟ ਹੁੰਦਾ ਹੈ :–** ਜੋ ਅਸੀਂ ਅਨੁਭਵ ਕਰਦੇ ਹਾਂ, ਉਸਦੇ ਗਿਆਨ ਨੂੰ ਦੂਜਿਆਂ ਤਕ ਪਹੁੰਚਾਉਣਾ ਚਾਹੁੰਦੇ ਹਾਂ ਇਸ ਲਈ ਉਸਨੂੰ ਭਾਸ਼ਾ ਦਾ ਆਸਰਾ ਲੈਣਾ ਲਾਜ਼ਮੀ ਹੋ ਜਾਂਦਾ ਹੈ ਪ੍ਰੰਤੂ ਭਾਸ਼ਾ ਦੇ ਸ਼ਬਦ ਇਕ ਵਿਆਪਕ ਆਦਰਸ਼ ਨੂੰ ਪ੍ਰਗਟ ਕਰਦੇ ਹਨ। ਇਕ ਵਿਆਪਕ ਸੰਕਲਪ ਵਸਤੂ ਦੇ ਵਿਸ਼ੇਸ਼ ਗੁਣਾਂ ਤੇ ਸਥਿਤੀਆਂ ਨੂੰ ਪ੍ਰਗਟ ਕਰਨ ਵਿਚ ਅਸਮਰਥ ਹੈ, ਕਿਉਂਕਿ ਉਹ ਤਾਂ ਵਸਤੂ ਦੇ ਵਰਗ ਦੀਆਂ ਸਮਾਨਤਾਵਾਂ ਦੀ ਹੀ ਸੂਚਨਾ ਦਿੰਦਾ ਹੈ ਇੱਕ ਵਸਤੂ ਦੇ ਆਪਣੇ ਵਿਸ਼ੇਸ਼ ਗੁਣ ਤੇ ਸਥਿਤੀ ਕੀ ਹੈ, ਇਹ ਗੱਲ ਵਿਆਪਕ ਵਿਚਾਰ ਤੋਂ ਪ੍ਰਾਪਤ ਨਹੀਂ ਹੋ ਸਕਦੀ। ਬਰਗਸਾਂ ਅਨੁਸਾਰ ਇੰਦਰੀ ਅਨੁਭਵ ਸ਼ੁੱਧ ਗਿਆਨ ਦਾ ਸੋਮਾ ਨਹੀਂ ਬਣ ਸਕਦਾ ਤੇ ਉਸਤੋਂ ਪੂਰਨ ਸੱਚ ਦੀ ਆਸ ਨਹੀਂ ਕੀਤੀ ਜਾ ਸਕਦੀ।

**(ਅ) ਤਰਕ ਦਾ ਖੰਡਨ :–** ਬਰਗਸਾਂ ਜਿਵੇਂ ਅਨੁਭਵਵਾਦ ਦਾ ਖੰਡਨ ਕਰਦਾ ਹੈ।

**(1) ਤਰਕ ਵਿੱਚ ਅਨੁਭਵਗਤ ਸਮਗਰੀ ਦੀ ਵਰਤੋਂ ਹੁੰਦੀ ਹੈ :–** ਤਰਕ ਦਾ ਮੁੱਖ ਕਾਰਜ ਅਨੁਭਵ ਤੋਂ ਪ੍ਰਾਪਤ ਹੋਏ ਗਿਆਨ ਨੂੰ ਸੰਗਠਿਤ ਕਰਕੇ ਪ੍ਰਣਾਲੀਬੱਧ ਤੇ ਵਿਵਸਥਿਤ ਕਰਨਾ ਹੈ ਕਿਉਂਕਿ ਅਨੁਭਵ ਦਾ ਗਿਆਨ ਵਿਗੜਿਆ ਹੁੰਦਾ ਹੈ। ਇਹ ਸੰਗਠਤ ਸਮੱਗਰੀ ਹੈ, ਗਿਆਨ ਪ੍ਰਣਾਲੀ ਬਣਦੀ ਹੈ। ਜੋ ਦੋਸ਼ ਅਨੁਭਵ ਵਿਚ ਹਨ, ਉਹੀ ਤਰਕ ਦੇ ਗਿਆਨ ਵਿਚ ਵੀ ਪ੍ਰਗਟ ਹੋਣਗੇ। ਜੇਕਰ ਅਨੁਭਵ ਆਸ਼ੰਕ, ਸਾਪੇਖ, ਬਾਹਰੀ ਗਿਆਨ ਦਿੰਦਾ ਹੈ, ਤਾਂ ਤਰਕ ਗਿਆਨ ਵਿਚ ਵੀ ਉਹੀ ਦੋਸ਼ ਪੈਦਾ ਹੁੰਦੇ ਹਨ।

**(2) ਤਰਕ ਵਿਸ਼ਲੇਸ਼ਣ ਵਿਧੀ ਹੈ :–** ਤਰਕ ਵਸਤਾਂ ਦੀ ਵਿਆਖਿਆ ਕਰਨ ਲਈ ਉਹਨਾਂ ਦਾ ਵਿਸ਼ਲੇਸ਼ਣ ਕਰਦਾ ਹੈ। ਉਨ੍ਹਾਂ ਨੂੰ ਉਨ੍ਹਾਂ ਦੇ ਭਾਗਾਂ ਵਿੱਚ ਵੰਡਦਾ ਹੈ। ਭਾਗਾਂ ਵਿਚ ਸਮੁੱਚੀ ਵਸਤੂ ਦੇ ਗੁਣ ਨਸ਼ਟ ਹੋ ਜਾਂਦੇ ਹਨ ਤੇ ਵਿਸ਼ਲੇਸ਼ਣ ਪੂਰਨ ਗਿਆਨ ਦੇਣ ਵਿੱਚ ਅਸਮਰਥ ਹੋ ਜਾਂਦਾ ਹੈ। ਉਦਾਹਰਨ ਲਈ ਕਾਲ ਨੂੰ ਸਮਝਾਉਣ ਲਈ ਇਸਨੂੰ ਸੈਕਿੰਡ, ਮਿੰਟ, ਘੰਟੇ,ਦਿਨ ਆਦਿ ਵਿੱਚ ਵੰਡਿਆ ਜਾਂਦਾ ਹੈ। ਇਹ ਸਾਰੀਆਂ ਇਕ ਠਹਿਰੀਆਂ ਹੋਈਆਂ ਇਕਾਈਆਂ ਹਨ ਪ੍ਰੰਤੂ ਕਾਲ ਤਾਂ ਇਕ ਸਦਾ ਚਲਣ ਵਾਲਾ ਪ੍ਰਵਾਹ ਹੈ, ਇਕ ਲਗਾਤਾਰ ਪਰਿਵਰਤਨ ਹੈ, ਜਿਸਨੂੰ ਸਥਿਰ ਭਾਗਾਂ ਵਿੱਚ ਵੰਡ ਦੇਣ ਨਾਲ ਉਸਦੀ ਧਾਰਾਵਾਹਕਤਾ ਨਸ਼ਟ ਹੋ ਜਾਂਦੀ ਹੈ ਅਤੇ ਕਾਲ ਦੀ ਵਾਸਤਵਿਕਤਾ ਸਮਝਾਈ ਨਹੀਂ ਜਾ ਸਕਦੀ।

**(3) ਤਰਕ ਵਿਆਪਕ ਸੰਕਲਪਾਂ ਦੀ ਵਰਤੋਂ ਕਰਦਾ ਹੈ :–** ਇਹ ਦੋਸ਼ ਅਨੁਭਵ ਵਿੱਚ ਵੀ ਸੀ, ਉਸਨੂੰ ਪ੍ਰਗਟ ਕਰਨ ਲਈ ਸ਼ਬਦ ਚਾਹੀਦੇ ਹਨ ਅਤੇ ਹਰੇਕ ਸ਼ਬਦ ਇਹ ਵਿਆਪਕ ਆਦਰਸ਼ ਦਾ ਚਿੰਨ੍ਹ ਹੁੰਦਾ ਹੈ। ਇਥੇ ਤਰਕ ਦਾ ਕੰਮ ਵੀ ਵਿਆਪਕ ਸੰਕਲਪਾਂ ਨਾਲ ਚਲਦਾ ਹੈ। ਇੱਕ ਵਿਆਪਕ ਸੰਕਲਪ ਵਿਸ਼ੇਸ਼ ਵਸਤੂ ਦੀ ਵਾਸਤਵਿਕਤਾ ਨੂੰ ਪ੍ਰਗਟਾ ਨਹੀਂ ਸਕਦਾ। ਬਰਗਸਾਂ ਤਾਂ ਕਹਿੰਦਾ ਹੈ ਕਿ ਵਾਸਤਵਿਕਤਾ ਅਦੁੱਤੀ ਤੇ ਵਿਲੱਖਣ ਹੁੰਦੀ ਹੈ ਉਹ ਵਿਆਪਕ ਵਿਚਾਰਾਂ ਦੀ ਪਕੜ ਤੋਂ ਬਾਹਰ ਹੀ ਰਹਿੰਦੀ ਹੈ। ਵਿਆਪਕ ਵਿਚਾਰ ਇੱਕ ਹੀ ਵਰਗਾਂ ਦੀਆਂ ਵਸਤੂਆਂ ਦੀਆਂ ਸਮਾਨਤਾਵਾਂ ਤੇ ਨਿਰਭਰ ਹਨ ਅਤੇ ਅਜਿਹੇ ਸਧਾਰਨੀਕਰਨ ਵਿਚ ਵਿਸ਼ੇਸ਼ ਵਸਤੂ ਦੀ ਵਾਸਤਵਿਕਤਾ ਲੋਪ ਹੋ ਜਾਂਦੀ ਹੈ। ਜਿਵੇਂ ਇਕ ਰੁੱਖ ਨੂੰ ਦੇਖ ਕੇ ਤਰਕ ਵਿੱਚ ਉਸਨੂੰ ਉਸਦੇ ਵਰਗ 'ਰੁੱਖ' ਦੁਆਰਾ ਪ੍ਰਗਟ ਕੀਤਾ ਜਾਏਗਾ, ਪ੍ਰੰਤੂ ਉਹ ਦੂਜੇ ਰੁੱਖ ਤੋਂ ਨਿਰਾਲਾ ਹੈ। ਦੂਜੇ ਰੁੱਖਾਂ ਤੋਂ ਭਿੰਨ ਹੈ, ਉਸਦੀਆਂ ਭਿੰਨਤਾਵਾਂ ਨੂੰ ਕੇਵਲ ਰੁੱਖ ਦੇ ਪਦ ਦੁਆਰਾ ਹੀ ਦੁਆਇਆ ਨਹੀਂ ਜਾ ਸਕਦਾ।

**2. ਮੰਡਨਾਤਮਕ ਪੱਖ :** ਬਰਗਸਾਂ ਨੇ ਅਨੁਭਵਵਾਦ ਦੇ ਤਰਕ ਬੁਧੀਵਾਦ ਦਾ ਖੰਡਨ ਕੀਤਾ ਹੈ ਅਤੇ ਉਸਨੂੰ ਦੋਸ਼ ਪੂਰਨ ਵਿਧੀਆਂ ਦੱਸਿਆ ਹੈ ਅਤੇ ਇਹ ਸਿਧ ਕੀਤਾ ਹੈ ਕਿ ਉਹਨਾਂ ਤੋਂ ਸੱਚੇ ਗਿਆਨ ਦੀ ਆਸਾ ਨਹੀਂ ਕੀਤੀ

ਜਾ ਸਕਦੀ, ਪ੍ਰੰਤੂ ਸਹੀ ਮਾਰਗ ਕਿਹੜਾ ਹੈ। ਬਰਗਸਾਂ ਗਿਆਨ ਵਿਗਿਆਨ ਦੀ ਸਹੀ ਵਿਧੀ ਅੰਤਰ ਦ੍ਰਿਸ਼ਟੀ ਨੂੰ ਹੀ ਦੱਸਦਾ ਹੈ ਅਤੇ ਕਹਿੰਦਾ ਹੈ ਕਿ ਵਾਸਤਵਿਕਤਾ ਦਾ ਗਿਆਨ ਕੇਵਲ ਅੰਤਰ ਦ੍ਰਿਸ਼ਟੀ ਦੁਆਰਾ ਹੀ ਮਿਲ ਸਕਦਾ ਹੈ। ਅਨੇਕਾਂ ਵਿਧਿਆਵਾਂ ਪ੍ਰਚਲਿਤ ਹਨ, ਪ੍ਰੰਤੂ ਬਰਗਸਾਂ ਉਹਨਾਂ ਨੂੰ ਨਹੀਂ ਮੰਨਦਾ ਕਿ ਜਾਣੇ ਅਣਜਾਣੇ ਵਿਚ ਅਨੇਕਾਂ ਦਾਰਸ਼ਨਿਕ ਇਸ ਵਿਧੀ ਤੇ ਕੰਮ ਕਰਦੇ ਆਏ ਹਨ ਭਾਵੇਂ ਉਹਨਾਂ ਨੂੰ ਇਹ ਗੱਲ ਪਤਾ ਨਹੀਂ ਸੀ ਕਿ ਉਹ ਅੰਤਰ ਦ੍ਰਿਸ਼ਟੀ ਨੂੰ ਗਿਆਨ ਦਾ ਆਧਾਰ ਬਣਾ ਰਹੇ ਹਨ ਜਿਵੇਂ ਪਲੈਟੋ ਪੂਰਨ ਵਾਸਤਵਿਕਤਾ ਨੂੰ ਪੂਰਨ ਦਰਸ਼ਨ ਦੁਆਰਾ ਪ੍ਰਾਪਤ ਕਹਿੰਦਾ ਹੈ। ਬਰਗਸਾਂ ਅੰਤਰਦ੍ਰਿਸ਼ਟੀ ਦੇ ਸਰੂਪ ਦੀ ਵਿਆਖਿਆ ਕਰਦਾ ਹੈ ਤੇ ਕਹਿੰਦਾ ਹੈ ਕਿ ਇਹ ਇਕ ਬੌਧਿਕ ਹਮਦਰਦੀ ਹੈ। ਅੰਤਰਦ੍ਰਿਸ਼ਟੀ ਵਿਚ ਵੀ ਗਿਆਤ ਤੇ ਗਿਆਤ ਹੁੰਦੇ ਹਨ, ਜਿਵੇਂ ਮਨੁੱਖ ਇਕ ਰੁੱਖ ਨੂੰ ਜਾਣਦਾ ਹੈ, ਤਾਂ ਮਨੁੱਖ ਗਿਆਤਾ ਹੈ, ਅਤੇ ਰੁੱਖ ਗਿਆਤ ਵਸਤੂ ਅਨੁਭਵਵਾਦ ਅਤੇ ਤਰਕ ਵਿਚ ਇਨ੍ਹਾਂ ਦੋਹਾਂ ਦੇ ਭੇਦ ਤੇ ਅੰਤਰ ਨੂੰ ਉਭਰਿਆ ਜਾਂਦਾ ਹੈ। ਇਸ ਲਈ ਗਿਆਨ ਦੀ ਪ੍ਰਕ੍ਰਿਆ ਦੂਸ਼ਿਤ ਹੋ ਜਾਂਦੀ ਹੈ। ਪ੍ਰੰਤੂ ਅੰਤਰਦ੍ਰਿਸ਼ਟੀ ਵਿਚ ਗਿਆਤ-ਗਿਆਤਾ ਦਾ ਭੇਦ ਮਿਟ ਜਾਂਦਾ ਹੈ। ਗਿਆਤਾ ਹੀ ਗਿਆਤ ਬਣ ਜਾਂਦਾ ਹੈ। ਜੇਕਰ ਮਨੁੱਖ ਰੁੱਖ ਨੂੰ ਜਾਣਦਾ ਹੈ ਤਾਂ ਜਦੋਂ ਤਕ ਮਨੁੱਖ ਆਪਣੇ ਕੰਮ ਨੂੰ ਰੁੱਖ ਤੋਂ ਵੱਖ ਮੰਨਦਾ ਹੈ, ਤਦੋਂ ਤਕ ਸ਼ੁੱਧ ਗਿਆਨ ਸੰਭਵ ਨਹੀਂ। ਇਹ ਤਾਂ ਹੀ ਸੰਭਵ ਹੈ ਜਦੋਂ ਉਹ ਰੁੱਖ ਦੇ ਨਾਲ ਇਕ ਹੋ ਜਾਂਦਾ ਹੈ। ਉਹ ਆਪਣੇ ਆਪ ਨੂੰ ਰੁੱਖ ਹੀ ਮੰਨ ਲੈਂਦਾ ਹੈ ਤੇ ਇਸ ਤਰ੍ਹਾਂ ਉਹ ਉਸਦੇ ਅੰਦਰੂਨੀ ਜੀਵਨ ਨੂੰ ਜਾਣਦਾ ਹੈ ਤੇ ਉਸਦੀ ਅਸ਼ਲੀਅਤ ਨੂੰ ਸਮਝਦਾ ਹੈ। ਗਿਆਤ ਵਸਤੂ ਦੇ ਨਾਲ ਇਕ ਹੋ ਕੇ ਉਸਨੂੰ ਜਾਣਨ ਦੀ ਪ੍ਰਕ੍ਰਿਆ ਹੀ ਅੰਤਰ ਦ੍ਰਿਸ਼ਟੀ ਹੈ। ਬਰਗਸਾਂ ਦੀ ਅੰਤਰਦ੍ਰਿਸ਼ਟੀ ਦੀ ਪ੍ਰੀਭਾਸ਼ਾ ਵਿਚ ਇਸਨੂੰ ਇਕ ਅਨੁਭੂਤੀ ਕਿਹਾ ਗਿਆ ਹੈ। ਕਿਉਂਕਿ ਉਸਨੂੰ ਇਹ ਕੇਵਲ ਅਨੁਭੂਤੀ ਤੱਕ ਹੀ ਨਹੀਂ ਛੱਡਦਾ, ਉਸ ਨੂੰ ਹਮਦਰਦੀ ਕਹਿੰਦਾ ਹੈ, ਜੋ ਗਿਆਤਾ ਨੂੰ ਗਿਆਤ ਨਾਲ ਜੋੜਦੀ ਹੈ। ਬਰਗਸਾਂ ਹਮਦਰਦੀ ਨੂੰ ਬੌਧਿਕ ਵੀ ਤਾਂ ਕਹਿੰਦਾ ਹੈ। ਇਸਦੀ ਇਸ ਹਮਦਰਦੀ ਨੂੰ ਤਦ-ਅਨੁਭੂਤੀ ਦਾ ਨਾ ਦਿੰਦਾ ਹੈ, ਜੋ ਉਸਦੀ ਪਰਿਭਾਸ਼ਾ ਦੇ ਵਧੇਰੇ ਨੇੜੇ ਆਉਂਦੀ ਹੈ। ਮਨੋਵਿਗਿਆਨਕ ਤਦ ਅਨੁਭੂਤ ਨੂੰ ਗਿਆਨ ਦਾ ਗਿਆਤ ਵਸਤੂ ਨਾਲ ਇਕ ਹੋ ਜਾਣ ਅਤੇ ਉਸਨੂੰ ਮਹਿਸੂਸ ਕਰਨ ਦੇ ਭਾਵ ਨੂੰ ਕਹਿੰਦਾ ਹੈ। ਜਿਵੇਂ ਖੇਡ ਦੇ ਮੈਦਾਨ ਵਿੱਚ ਦਰਸ਼ਕ ਖਿਡਾਰੀ ਦੇ ਨਾਲ ਇਕ ਹੋ ਜਾਂਦਾ ਹੈ ਤੇ ਉਹੀ ਕੰਮ ਕਰਦਾ ਹੋਇਆ ਆਪਣੇ ਆਪ ਨੂੰ ਮਹਿਸੂਸ ਕਰਦਾ ਹੈ ਜਿਵੇਂ ਉਹ ਖਿਡਾਰੀ ਕਰਦਾ ਹੈ। ਉਹ ਆਪਣੇ ਆਪ ਨੂੰ ਖਿਡਾਰੀ ਸਮਝ ਲੈਂਦਾ ਹੈ ਤੇ ਇਸਦੀ ਹਾਰ ਜਿੱਤ ਆਪਣੀ ਹੁੰਦੀ ਹੈ। ਉਹ ਹੀ ਚਲ ਚਿੱਤਰ ਵਿਚ ਦਰਸ਼ਕ ਨਾਇਕ ਕਰਦਿਆਂ ਦਰਸ਼ਕ ਕਲਾ ਦੇ ਨਾਲ ਇੱਕ ਹੋ ਕੇ ਉਸਦਾ ਆਨੰਦ ਲੈਂਦਾ ਹੈ। ਇਹੀ ਤਦ ਅਨੁਭੂਤੀ ਦਾ ਭਾਵ ਅੰਤਰ ਦ੍ਰਿਸ਼ਟੀ ਦਾ ਆਧਾਰ ਹੈ। ਬਰਗਸਾਂ ਆਪਣੇ ਤੱਤ ਗਿਆਨ ਵਿਚ ਪਰਮ ਵਾਸਤਵਿਕਤਾ ਨੂੰ ਇਕ ਸ਼ਕਤੀ ਮੰਨਦਾ ਹੈ ਉਹ ਜੀਵਨ ਦਾ ਸਰੂਪ ਰੱਖਦੀ ਹੈ। ਇਹ ਸ਼ਕਤੀ ਹੀ ਸੰਸਾਰ ਦੀਆਂ ਸਾਰੀਆਂ ਵਸਤਾਂ ਤੇ ਕੰਮਾਂ ਵਿਚ ਵਿਆਪਤ ਹੈ। ਇਹੀ ਜੀਵਨ ਸ਼ਕਤੀ ਸੰਸਾਰ ਦੇ ਪਦਾਰਥਾਂ ਦੇ ਭਿੰਨ-ਭਿੰਨ ਪੱਧਰਾਂ ਤੇ ਪ੍ਰਗਟ ਹੁੰਦੀ ਹੈ। ਕਦੇ ਇਹ ਭੌਤਿਕ ਪਦਾਰਥ ਹੈ ਤੇ ਫਿਰ ਜੀਵਾਂ ਵਿਚ ਜੀਵਨ ਤੇ ਮਨ ਵਿਚ ਅਧਿਆਤਮਕ ਤੱਤ ਬਣਾਈ ਹੈ। ਇਸ ਤਰ੍ਹਾਂ ਅੰਤਰ ਦ੍ਰਿਸ਼ਟੀਵਾਦ ਗਿਆਨ ਵਿਗਿਆਨ ਦੇ ਆਧਾਰ ਤੇ ਹੀ ਬਰਗਸਾਂ ਆਪਣੇ ਤੱਤ ਵਿਗਿਆਨ ਦਾ ਨਿਰਮਾਣ ਕਰ ਸਕਿਆ ਹੈ।

### 2.3.4 ਆਲੋਚਨਾ :

**(1) ਅੰਤਰ ਦ੍ਰਿਸ਼ਟੀਵਾਦ ਦਾ ਸਰੂਪ ਸਪਸ਼ਟ ਨਹੀਂ ਹੈ :–** ਅੰਤਰ ਦ੍ਰਿਸ਼ਟੀਵਾਦ ਅੰਤਰ ਦ੍ਰਿਸ਼ਟੀ ਨੂੰ ਗਿਆਨ ਦੀ ਵਿਧੀ ਦਾ ਇਕੋ ਇਕ ਆਧਾਰ ਬਣਾਉਂਦਾ ਹੈ, ਪ੍ਰੰਤੂ ਇਹ ਦਸਣ ਵਿੱਚ ਅਸਮਰਥ ਰਿਹਾ ਹੈ ਕਿ ਅੰਤਰ ਦ੍ਰਿਸ਼ਟੀ ਕੀ ਹੈ? ਜੇਕਰ ਇਹ ਮਾਨਸਿਕ ਅਨੁਭੂਤੀ ਹੈ ਤਾਂ, ਇਹ ਕਿਵੇਂ ਵਸਤੂ ਦਾ ਗਿਆਨ ਪ੍ਰਾਪਤ ਕਰਦੀ ਹੈ? ਇਸਦੀ ਕੋਈ ਪਰਿਭਾਸ਼ਾ ਤਕ ਅਨੁਭੂਤੀ ਦੁਆਰਾ ਕਰਦਾ ਹੈ। ਜੇਕਰ ਇਹ ਕੇਵਲ ਅਨੁਭੂਤੀ ਹੈ, ਤਾਂ ਇਹ ਗਿਆਨਾਤਮਕ ਪ੍ਰਕ੍ਰਿਆ ਹੀ ਨਹੀਂ, ਕਿਉਂਕਿ ਅਨੁਭੂਤੀ ਗਿਆਨ ਪ੍ਰਦਾਨ ਨਹੀਂ

ਕਰਦੀ। ਹਾਂ, ਅਨੁਭੂਤੀ ਭਾਵਾਤਮਕ ਅਨੁਭਵ ਜ਼ਰੂਰ ਹੈ। ਇਸ ਲਈ ਇਸ ਰੂਪ ਵਿਚ ਅੰਤਰ ਦ੍ਰਿਸ਼ਟੀ ਨੂੰ ਗਿਆਨ ਦਾ ਸੋਮਾ ਕਹਿਣ ਵਿਚ ਗਲਤੀ ਹੋਵੇਗੀ। ਜੇਕਰ ਇਸ ਨੂੰ ਤਦਅਨੁਭੂਤੀ ਕਿਹਾ ਜਾਵੇ ਜਿਵੇਂ ਕਿ ਬਰਗਸਾਂ ਕਹਿੰਦਾ ਹੈ, ਇਹ ਵੀ ਕਲਪਨਾ ਤੇ ਆਧਾਰਿਤ ਇਕ ਪ੍ਰਕ੍ਰਿਆ ਹੈ। ਕਲਪਨਾ ਕਿਥੇ ਤੇ ਗਿਆਨ ਕਿਥੇ। ਕਲਪਨਾ ਨੂੰ ਗਿਆਨ ਦਾ ਆਧਾਰ ਤੇ ਪ੍ਰਮਾਣ ਮੰਨਣਾ ਗਲਤ ਹੈ। ਮਨੋਵਿਗਿਆਨ ਵਿਚ ਤਦ ਅਨੁਭੂਤੀ ਨੂੰ ਇਕ ਪਰਿਕਲਪਨਾ ਹੀ ਮੰਨਿਆ ਜਾਂਦਾ ਹੈ।

**(2) ਅੰਤਰ ਦ੍ਰਿਸ਼ਟੀ ਨੂੰ ਅਸਧਾਰਨ ਪ੍ਰਮਾਣ ਦੀ ਲੋੜ ਹੈ :–** ਅੰਤਰ ਦ੍ਰਿਸ਼ਟੀਵਾਦੀ ਕਹਿੰਦੇ ਹਨ ਕਿ ਅੰਤਰ ਦ੍ਰਿਸ਼ਟੀ ਸਵੈ-ਪ੍ਰਮਾਣਿਤ ਹੈ ਇਸਨੂੰ ਹੋਰ ਪ੍ਰਮਾਣ ਦੀ ਲੋੜ ਨਹੀਂ ਕਿਉਂਕਿ ਇਹ ਤਾਂ ਇਹ ਦੱਸਦੀ ਹੈ ਕਿ ਫਲਾਂ ਗਲ ਸੱਚ ਹੈ। ਪ੍ਰੰਤੂ ਇਹ ਕਿਉਂ ਸੱਚ ਹੈ, ਅਜਿਹਾ ਅੰਤਰ ਦ੍ਰਿਸ਼ਟੀ ਨਹੀਂ ਦੱਸ ਸਕਦੀ। ਇਹ ਇਕ ਵਿਸ਼ੇਸ਼ ਨਿਯਮ ਅਨੁਸਾਰ ਸੱਚ ਦਸਦੀ ਹੈ ਜੇਕਰ ਇਸ ਦਾ ਕੰਮ ਇਕ ਨਿਯਮ ਅਨੁਸਾਰ ਹੈ ਤਾਂ ਉਹ ਨਿਯਮ ਗਿਆਨ ਤੇ ਸੱਚ ਦੀ ਵਿਆਖਿਆ ਕਰਦਾ, ਅੰਤਰ-ਦ੍ਰਿਸ਼ਟੀ ਦੀ ਕੋਈ ਲੋੜ ਨਹੀਂ ਹੈ ਤੇ ਜੇਕਰ ਅੰਤਰਦ੍ਰਿਸ਼ਟੀ ਦਾ ਕੋਈ ਨਿਯਮ ਨਹੀਂ, ਤਾਂ ਇਹ ਕਿਸੇ ਗੱਲ ਨੂੰ ਠੀਕ ਤੇ ਕਿਸੇ ਨੂੰ ਗਲਤ ਕਹਿ ਸਕਦੀ ਹੈ। ਅਜਿਹੀ ਨਿਯਮਹੀਨ ਵਿਧੀ ਮੰਨੀ ਨਹੀਂ ਜਾਣੀ ਚਾਹੀਦੀ। ਇਹ ਕਹਿ ਦੇਣਾ ਵਿਆਖਿਆ ਨਹੀਂ ਕਿ ਫਲਾਂ ਗਲ ਸੱਚ ਹੈ ਕਿਉਂਕਿ ਮੇਰੀ ਅੰਤਰ ਦ੍ਰਿਸ਼ਟੀ ਅਜਿਹਾ ਕਹਿੰਦੀ ਹੈ। ਸੋ ਸ਼ੰਕਰ ਕਹਿੰਦਾ ਹੈ ਕਿ ਅਨੁਭਵ ਨੂੰ ਮੰਨਣਾ ਪਵੇਗਾ ਕਿ ਜੋ ਸੱਚ ਸਾਨੂੰ ਅੰਤਰਦ੍ਰਿਸ਼ਟੀ ਤੋਂ ਗ੍ਰਹਿਣ ਹੁੰਦਾ ਹੈ, ਉਸਨੂੰ ਹੋਰ ਅਧਾਰਾਂ ਤੇ ਪਰਖਣ ਦੀ ਲੋੜ ਨਹੀਂ ਹੈ।

**(3) ਅੰਤਰਦ੍ਰਿਸ਼ਟੀ ਹੋਰ ਵਿਧੀਆਂ ਦੀ ਵਰਤੋਂ ਕਰਦੀ ਹੈ :–** ਇਹ ਕਹਿਣਾ ਠੀਕ ਨਹੀਂ ਹੋਵੇਗਾ ਕਿ ਅੰਤਰ ਦ੍ਰਿਸ਼ਟੀ ਆਪਣੇ ਆਪ ਵਿਚ ਸੁਤੰਤਰ ਗਿਆਨਾਤਮਕ ਪ੍ਰਕ੍ਰਿਆ ਹੈ ਤੇ ਉਸਦਾ ਇੰਦਰੀ ਅਨੁਭਵ ਤੇ ਤਰਕ ਨਾਲ ਕੋਈ ਸੰਬੰਧ ਨਹੀਂ ਹੈ। ਕੀ ਇਹ ਇਹਨਾਂ ਵਿਧੀਆਂ ਦੁਆਰਾ ਪ੍ਰਾਪਤ ਗਿਆਨ ਦੀ ਸਮੱਗਰੀ ਦੀ ਕੋਈ ਵਰਤੋਂ ਨਹੀਂ ਕਰਦੀ? ਜਦੋਂ ਇਕ ਵਿਅਤਕੀ ਤਦ-ਅਨੁਭੂਤੀ ਦੁਆਰਾ ਦੂਜੇ ਦਾ ਜੀਵਨ ਜੀਣ ਲਗਦਾ ਹੈ ਤਾਂ ਕੀ ਉਹ ਦੂਜੇ ਵਿਅਕਤੀ ਬਾਰੇ ਕੋਈ ਸੂਚਨਾ ਨਹੀਂ ਰੱਖਦਾ? ਜੇਕਰ ਰੱਖਦਾ ਹੈ ਤਾਂ ਇਹ ਸੂਚਨਾ ਅਨੁਸਾਰ ਤੇ ਆਧਾਰਤ ਹੁੰਦੀ ਹੈ ਜਿਵੇਂ ਵਿਅਕਤੀ ਆਪਣੇ ਮਿੱਤਰ ਨੂੰ ਪੂਰੀ ਤਰ੍ਹਾਂ ਸਮਝਦਾ ਹੈ ਅਤੇ ਉਸਦੇ ਨਾਲ ਤਦ-ਅਨੁਭੂਤੀ ਪ੍ਰਾਪਤ ਕਰਦਾ ਹੈ। ਇਸ ਤਰ੍ਹਾਂ ਅੰਤਰਦ੍ਰਿਸ਼ਟੀ ਤਾਂ ਹੀ ਕੰਮ ਕਰਦੀ ਹੈ ਜਦੋਂ ਅਨੁਭਵ ਤੇ ਤਰਕ ਆਪਣਾ ਕੰਮ ਪੂਰਾ ਕਰ ਲੈਂਦੇ ਹਨ।

**(4) ਅੰਤਰ ਦ੍ਰਿਸ਼ਟੀ ਦੀਆਂ ਸੱਚਾਈਆਂ ਵਿਚ ਵਿਰੋਧਾਭਾਸ ਹੋ ਸਕਦਾ ਹੈ :–** ਕਈ ਵਾਰ ਵਿਅਕਤੀ ਕਿਸੇ ਵਸਤੂ ਨੂੰ ਜਾਨਣਾ ਚਾਹੁੰਦਾ ਹੈ ਤੇ ਉਸਨੂੰ ਅੰਤਰਦ੍ਰਿਸ਼ਟੀ ਪ੍ਰਾਪਤ ਨਹੀਂ ਹੁੰਦੀ। ਉਹ ਅਨੁਭਵ ਜਾਂ ਤਰਕ ਦਾ ਸਹਾਰਾ ਲੈਂਦਾ ਹੈ ਕਦੇ ਅੰਤਰ ਦ੍ਰਿਸ਼ਟੀ ਦੇਰ ਨਾਲ ਪੈਦਾ ਹੁੰਦੀ ਹੈ ਇਸਦਾ ਮਤਲਬ ਕਿ ਤਰਕ ਤੇ ਸਮਰਿਤੀ ਅਵਚੇਤਨ ਮਨ ਵਿਚ ਕੰਮ ਕਰ ਰਹੇ ਹੁੰਦੇ ਹਨ। ਕਈ ਵਾਰ ਅੰਤਰ ਦ੍ਰਿਸ਼ਟੀ ਦੀਆਂ ਸੱਚਾਈਆਂ ਵਿਚ ਵਿਰੋਧਾਭਾਸ ਪੈਦਾ ਹੋ ਜਾਂਦਾ ਹੈ।

**(5) ਅੰਤਰ ਦ੍ਰਿਸ਼ਟੀ ਦਾ ਗਿਆਨ ਰਹੱਸਮਈ ਰਹਿੰਦਾ ਹੈ :–** ਬਹੁਤ ਜ਼ਿਆਦਾ ਅੰਦਰੂਨੀ ਤੇ ਨਿੱਜੀ ਅਨੁਭੂਤੀ ਵਿਅਕਤੀ ਆਪ ਤਾਂ ਸਮਝ ਲੈਂਦਾ ਹੈ ਕਿ ਇਹ ਸੱਚ ਹੈ ਪ੍ਰੰਤੂ ਇਸ ਤਰ੍ਹਾਂ ਪ੍ਰਾਪਤ ਕੀਤੇ ਹੋਏ ਗਿਆਨ ਨੂੰ ਦੂਜਿਆਂ ਤਕ ਨਹੀਂ ਪਹੁੰਚਾ ਸਕਦਾ। ਕਿਉਂਕਿ ਉਨ੍ਹਾਂ ਦੀ ਮਾਨਸਿਕ ਅਧਾਰਭੂਮੀ ਸਮਾਨ ਨਹੀਂ ਹੈ। ਅੰਦਰੂਨੀ ਭਾਵ ਗਿਆਨ ਕਿਵੇਂ ਬਣਦਾ ਹੈ ਜਦੋਂ ਤਕ ਕਿ ਉਸਨੂੰ ਦੂਜਿਆਂ ਤਕ ਨਾ ਪਹੁੰਚਾਇਆ ਜਾਵੇ ਅਤੇ ਗਿਆਨ ਨੂੰ ਪ੍ਰਗਟ ਕਰਨ ਲਈ ਭਾਸ਼ਾ ਨੂੰ ਤਰਕ ਤੇ ਵਿਚਾਰਾਂ ਦਾ ਰੂਪ ਧਾਰਨ ਕਰਨਾ ਪਵੇਗਾ, ਪ੍ਰੰਤੂ

ਉਹ ਸਾਰੇ ਵਿਸ਼ੇਸ਼ ਵਸਤੂ ਦੀ ਵਿਲੱਖਣਤਾ ਨੂੰ ਪ੍ਰਗਟ ਨਹੀਂ ਕਰ ਸਕਦਾ। ਇਹ ਅਧਾਰ ਅੰਤਰ ਦ੍ਰਿਸ਼ਟੀ ਦੁਆਰਾ ਪ੍ਰਾਪਤ ਗਿਆਨ ਵਿਆਪਕ ਵਿਚਾਰ ਤੇ ਸ਼ਬਦਾਂ ਵਿਚ ਨਹੀਂ ਆਉਂਦਾ ਤਾਂ ਉਹ ਪ੍ਰਗਟ ਨਹੀਂ ਹੋ ਸਕਦਾ ਤੇ ਉਹ ਇਸ ਕਾਰਨ ਰਾਜ਼ਮਈ ਰਹਿੰਦਾ ਹੈ ਤੇ ਜੇਕਰ ਪ੍ਰਗਟ ਕਰ ਦਿੱਤਾ ਜਾਂਦਾ ਹੈ ਉਹ ਨਸ਼ਟ ਹੋ ਜਾਂਦਾ ਹੈ। ਇਸ ਤੋਂ ਇਹੀ ਗੱਲ ਸਿੱਧ ਹੁੰਦੀ ਹੈ ਕਿ ਅੰਤਰ ਦ੍ਰਿਸ਼ਟੀ ਉਪਯੋਗੀ ਗਿਆਨ ਨਹੀਂ ਦਿੰਦੀ, ਪ੍ਰੰਤੂ ਇਕ ਗਲ ਦੇਖੀ ਜਾਵੇ ਕਿ ਬਰਗਸਾਂ ਤਰਕ ਦੀ ਇੰਨੀ ਵਿਰੋਧਤਾ ਕਰਦਾ ਹੈ ਪ੍ਰੰਤੂ ਆਪਣੀ ਪੁਸਤਕ ਵਿਚ ਉਥੇ ਦੀ ਵਰਤੋਂ ਕਰਦਾ ਹੈ। ਉਸਨੇ ਜੋ ਗਿਆਨ ਦਿੱਤਾ ਹੈ ਉਹ ਭਾਸ਼ਾ ਦੁਆਰਾ ਪ੍ਰਗਟ ਹੋਇਆ ਹੈ ਅਤੇ ਤਾਂ ਹੀ ਸਾਡੇ ਤੱਕ ਪਹੁੰਚ ਕੇ ਉਪਯੋਗੀ ਬਣਿਆ ਹੈ।

## 2.3.5 ਪ੍ਰਸ਼ਨ

1. ਅੰਤਰ-ਦ੍ਰਿਸ਼ਟੀਵਾਦ ਵਿੱਚ ਤਰਕ ਦਾ ਵਿਚਾਰ।
2. ਅਨੁਭਵਵਾਦ ਦਾ ਵਿਰੋਧ।

## ਵੱਡੇ ਪ੍ਰਸ਼ਨ

1. ਅੰਤਰ-ਦ੍ਰਿਸ਼ਟੀਵਾਦ ਦੀ ਗਿਆਨ ਦੇ ਸਿਧਾਂਤ ਦੇ ਤੌਰ ਤੇ ਚਰਚਾ ਕਰੋ।
2. ਬਰਗਸਾਂ ਅਨੁਸਾਰ ਅੰਤਰ-ਦ੍ਰਿਸ਼ਟੀ ਦੀ ਚਰਚਾ ਕਰੋ।

## 2.3.6 ਵਧੇਰੇ ਜਾਣਕਾਰੀ ਲਈ ਪਾਠ ਪੁਸਤਕਾਂ ਦੀ ਸੂਚੀ


(i) ਇਵਿੰਗ ਈਸ਼ੂਜ ਇਨ ਫਿਲਾਸਫੀ ਰਾਏ ਟਾਇਟਸ

(ii) 20 ਸੈਂਚਰੀ ਫਿਲਾਸਫੀ ਐ ਜੇ. ਏਅਰ

(iii) ਪਛੱਮੀ ਦਰਸ਼ਨ ਦਾ ਇਤਿਹਾਸ ਬੀ ਐਮ ਰਾਏ ਭੱਲਾ ਆਰ ਡੀ ਨਿਰਾਕਾਰੀ

(iv) ਹਿਸਟਰੀ ਆਫ ਵੈਸਟਰਨ ਫਿਲਾਸਫੀ ਨਿਰਾਕਾਰੀ ਫਰੈਂਕ ਖਿਈ

**ਪਾਠ ਨੰ. 2.4** **ਲੇਖਕ : ਪ੍ਰੋ.ਜੀ.ਐਸ. ਸੰਧੂ**

# ਅਸਤਿਤਵਾਦ ਦੇ ਬੁਨਿਆਦੀ ਸੰਕਲਪ (Existenlism)

**ਬਣਤਰ**

2.4.1 ਜਾਣ- ਪਹਿਚਾਣ

2.4.2 ਅਸਤਿਤਵ ਦਾ ਸ਼ਾਬਦਿਕ ਅਰਥ

2.4.3 ਮਨੁੱਖ ਦੀਆਂ ਮਾਨਸਿਕ ਅਵਸਥਾਵਾਂ

2.4.4 ਅਸਤਿਤਵਾਦ ਦੀ ਦੋ ਕਿਸਮਾਂ

2.4.5 ਕਿਰਕੇਗਾਰਦ

2.4.6 ਨੀਤਸ਼ੇ

2.4.7 ਨਾਸਤਿਕ ਦਰਸ਼ਨਕਾਰ

2.4.7.1 ਹਿੰਦਗਰ

2.4.7.2 ਜਾਸਪਰ

2.4.7.3 ਜੀਨਪਾਲ ਸਾਰਤਰ

2.4.8 ਆਲੋਚਨਾ

2.4.9 ਸਿੱਟਾ

2.4.10 ਆਪਣੇ ਗਿਆਨ ਦੀ ਪਰਖ ਕਰੋ

## 2.4.1 ਜਾਣ-ਪਹਿਚਾਣ

ਅਸਤਿਤਵਵਾਦ ਫਲਸਫ਼ੇ ਦੇ ਖੇਤਰ ਵਿੱਚ ਇਕ ਨਵੀਨ ਰੁੱਚੀ ਹੈ ਜੋ ਦ੍ਰਿਸ਼ਟੀਕੋਣ ਤੇ ਸਮੱਸਿਆ ਵਿੱਚ ਪਰੰਪਰਾਗਤ ਫਲਸਫ਼ੇ ਤੋਂ ਬਿਲਕੁਲ ਵੱਖਰੀ ਹੈ। ਜਿਥੇ ਪੁਰਾਤਨ ਫ਼ਲਸਫ਼ੇ ਦਾ ਕੇਂਦਰ ਬਿੰਦੂ ਸੰਸਾਰ ਤੇ ਉਸਦੀ ਅਸਲੀਅਤ ਰਿਹਾ ਹੈ ਉਥੇ ਅਸਿਤਤਵਵਾਦ ਅਨੁਸਾਰ ਫ਼ਸਲਫ਼ੇ ਦਾ ਕੇਂਦਰ- ਬਿੰਦੂ ਮਨੁੱਖ ਅਤੇ ਉਸਦਾ ਜੀਵਨ ਹੈ। ਅਸਤਿਤਵਵਾਦੀਆਂ ਅਨੁਸਾਰ ਮਨੁੱਖ ਦਾ ਅਸਤਿਤਵ ਹੀ ਪਰਮ ਸੱਚ ਅਤੇ ਅਸਲੀਅਤ ਹੈ ਜੋ ਫਲਸਫੇ ਦੇ ਖੇਤਰ ਵਿੱਚ ਅਰਥ ਅਤੇ ਮਹੱਤਵ ਰੱਖਦਾ ਹੈ। ਮਨੁੱਖ ਦਾ ਰੋਜ਼ਾਨਾ ਜੀਵਨ ਅਤੇ ਉਸਦੀਆਂ ਭੌਤਿਕ ਅਤੇ ਸਮਾਜਿਕ ਹਾਲਤਾਂ ਉਸਦੇ ਸਾਰਥਕ ਅਸਤਿਤਵ ਨੂੰ ਭੁਲਾ ਦਿੰਦੀਆਂ ਹਨ। ਇਨ੍ਹਾਂ ਦਾ ਕਦੇ-ਕਦੇ ਅਨੁਭਵ ਕਰਨਾ ਮਨੁੱਖ ਦਾ ਆਪਣੇ ਅਸਤਿਤਵ ਨੂੰ ਭੁਲਾ ਦੇਣਾ ਉਸਦੇ ਦੁੱਖਦਾਈ ਸੰਕਟ ਦਾ ਕਾਰਨ ਬਣਦਾ ਹੈ ਜੋ ਅਸਤਿੱਤਵਵਾਦ ਦੀ ਮੁੱਖ ਸਮਸਿਆ ਹੈ।

ਭਾਵੇਂ ਅਸਤਿਤਵਵਾਦ ਦਾ ਜਨਮ 19ਵੀਂ ਸਦੀ ਦੇ ਅੰਤ ਵਿੱਚ ਹੋਇਆ ਹੈ ਅਤੇ ਵਿਚਾਰਧਾਰਾ ਦੇ ਰੂਪ ਵਿੱਚ 20ਵੀਂ ਸਦੀ ਦੇ ਆਰੰਭ ਵਿੱਚ ਫਲਿਆ-ਫੁਲਿਆ ਹੈ। ਪਰੰਤੂ ਇਸ ਦੀਆਂ ਜੜ੍ਹਾਂ ਯੂਨਾਨੀ ਦਾਰਸ਼ਨਿਕ ਸੁਕਰਾਤ ਦੇ ਕਥਨ

"Know thy self" ਵਿੱਚ ਹੈ। ਆਧੁਨਿਕ ਸਮੇਂ ਵਿੱਚ ਇਹ ਫਲਸਫ਼ਾ ਜਰਮਨੀ ਤੇ ਫ਼ਰਾਂਸ ਦਾ ਦੇਸ਼ਾਂ ਵਿੱਚ ਆਰੰਭ ਹੋਇਆ ਅਤੇ ਇਸਦੇ ਮੁੱਖ ਪੈਰੋਕਾਰ ਕਿਰਕੇ-ਗਾਰਦ, ਨਿਤਸ਼ੇ, ਹਿੰਦਗਰ, ਜਾਸਪਰ, ਮਾਰਸ਼ਲ ਅਤੇ ਸਾਰਤਰ ਹੋਏ ਸਨ। ਭਾਵੇਂ ਵੱਖ-ਵੱਖ ਅਸਤਿੱਤਵਾਦੀ ਦਾਰਸ਼ਨਿਕ ਵੱਖ-ਵੱਖ ਮੋਹਹਾਤੀਆਂ, ਦ੍ਰਿਸ਼ਟੀਕੋਣਾਂ ਅਤੇ ਸਿੱਟਿਆਂ ਨੂੰ ਪ੍ਰਤੀਪਾਦਤ ਕਰਕੇ ਹਨ ਪਰ ਉਨ੍ਹਾਂ ਸਾਰਿਆਂ ਵਿੱਚ ਇਕ ਗੱਲ ਸਾਂਝੀ ਹੈ ਜੋ ਉਨ੍ਹਾਂ ਦਾ ਧਿਆਨ-ਕੇਂਦਰ ਮਨੁੱਖ ਨੂੰ ਮੁਸੀਬਤ ਵਿੱਚ ਪਾ ਦਿੰਦਾ ਹੈ। ਇਹ ਸੰਕਟ ਮਨੁੱਖ ਦੀ ਆਪਣੀ ਅਸਲੀ ਹੋਂਦ ਨੂੰ ਭੁਲਾ ਦੇਣ ਤੋਂ ਪੈਦਾ ਹੋਇਆ ਹੈ। ਅਕਸਰ ਸਾਰੇ ਅਸਤਿਤਵਵਾਦੀ ਇਨ੍ਹਾਂ ਘੋਲ ਕਰਦੇ ਹਨ ਕਿ ਮਨੁੱਖ ਕੀ ਹੈ? ਉਸਦੀ ਹੋਂਦ ਦਾ ਕੀ ਅਰਥ ਹੈ? ਉਸਦਾ ਆਖਰੀ ਉਦੇਸ਼ ਕੀ ਹੈ? ਅਸੀਂ ਪੂਰਨਤਾ ਨੂੰ ਇਸ ਜੀਵਨ ਵਿੱਚ ਕਿਵੇਂ ਹਾਸਲ ਕਰ ਸਕਦੇ ਹਾਂ? ਮਨੁੱਖ ਦੀ ਅਸਲੀ ਹੋਂਦ ਕੀ ਹੈ? ਆਦਿ।

ਅਸਤਿਤਵਵਾਦ ਦਾ ਫ਼ਲਸਫ਼ਾ ਬੁੱਧੀਵਾਦ, ਪਰਮ-ਆਦਰਸ਼ਵਾਦ, ਪ੍ਰਤੱਖਵਾਦ, ਵਿਗਿਆਨਵਾਦ, ਯੰਤਰਵਾਦ, ਸਮੂਹਵਾਦ ਸਮਾਜਿਕ ਵਿਵਸਥਾ ਵਿਰੁੱਧ ਪ੍ਰਤੀਕ੍ਰਮ ਵਿਚੋਂ ਪੈਦਾ ਹੋਇਆ ਹੈ।

### 2.4.2 'ਅਸਤਿੱਤਵ' ਦਾ ਸ਼ਾਬਦਿਕ ਆਰਥ :

Exist ਜਾਂ Ex-sist (ਲੇਟਿਨ ex-sistese) ਦਾ ਅਰਥ ਸਾਹਮਣੇ ਨਿਕਲ ਦੇ ਆਉਣਾ (Stand out) ਜਾਂ ਇਕਦਮ ਪੈਦਾ ਹੋ ਜਾਣਾ (emerge) ਹੈ ਭਾਵ ਪਹਿਲਾਂ ਕੋਈ ਚੀਜ਼ ਨਹੀਂ ਹੁੰਦੀ, ਫਿਰ ਇਕਦਮ ਪੈਦਾ ਹੋ ਜਾਂਦੀ ਹੈ। ਦੂਜੇ ਸ਼ਬਦਾਂ ਵਿੱਚ 'ਕੁਝ ਨਹੀਂ ਵਿਚੋਂ ਕੁਝ ਸਾਹਮਣੇ ਆ ਕੇ ਖੜ੍ਹਾ ਹੋ ਜਾਣਾ। ਇਹ ਅਸਤਿਤਵ ਦੇ ਕਿਰਿਆਸ਼ੀਲ ਅਰਥ ਹਨ ਪ੍ਰੰਤੂ ਅੱਜ ਕਲ ਇਸਦੇ ਅਰਥ ਵਧੇਰੇ ਕਰਕੇ ਨਿਸ਼ਕ੍ਰਿਆਸ਼ੀਲ ਹੋ ਗਏ ਹਨ। ਅੱਜ ਕਲ exist ਦਾ ਅਰਥ ਹੈ ਕਿਸੇ ਸਥਾਨ ਉਪਰ ਕਿਸੇ ਚੀਜ਼ ਦਾ ਹੋਣਾ ਨਾ ਕਿ ਕਿਸੇ ਸਥਾਨ ਵਿੱਚ ਉੱਭਰ ਕੇ ਸਾਹਮਣੇ ਖਲੋਣਾ। ਇੰਜ 'exist' ਦਾ ਅਰਥ ਅਸਲੀ ਸੰਸਾਰ ਵਿੱਚ ਖਲਾਅ ਅਤੇ ਕਾਲ ਵਿੱਚ ਹੋਣ ਤੋਂ ਹੈ।

ਪਲੈਟੋ ਦੇ ਸਿਧਾਂਤ ਤੋਂ ਬਿਲਕੁਲ ਉਲਟ ਅਸਤਿੱਤਵਵਾਦੀ ਇਹ ਕਹਿੰਦੇ ਹਨ ਕਿ ਵਿਅਕਤੀਗਤ ਅਸਤਿਤਵ ਉਸਦੇ ਮਨੁੱਖ ਸਰੂਪ ਤੋਂ ਕਿਧਰੇ ਵਧੇਰੇ ਮਹਤੱਵਪੂਰਨ, ਸਾਰਥਕ ਅਤੇ ਸੋਚ ਹੈ। ਉਹੀ ਵਾਸਤਵਿਕਤਾ ਹੈ। ਅਸਤਿੱਤਵ ਦਾ ਅਰਥ ਦੇਸ਼ ਕਾਲ ਵਿੱਚ ਵਿਸ਼ੇਸ਼ ਅਤੇ ਸੱਚ ਹੈ। ਉਹੀ ਵਾਸਤਵਿਕਤਾ ਹੈ। ਅਸਤਿਤਵ ਦਾ ਅਰਥ ਦੇਸ਼ ਕਾਲ ਵਿੱਚ ਵਿਸ਼ੇਸ਼ ਸਥਿਤੀ ਤੋਂ ਲੈਂਦੇ ਹਨ। ਇਹ ਉਸ ਸਥਿਤੀ ਤੋਂ ਲੈਂਦੇ ਹਨ ਜਿਸਨੂੰ ਅਜੇ ਹੋਰ ਏਥੇ ਅਨੁਭਵ ਕੀਤਾ ਜਾ ਸਕਦਾ ਹੈ। ਇਸ ਅਸਤਿਤਵ ਸਿਰਫ ਵਿਅਕਤੀ ਦੇ ਅੰਤਰਿਕ ਜ਼ਿੰਦਾ ਰਹਿਣ ਵਿੱਚ ਹੈ। ਜੀਵਨ ਤਾਂ ਨਿਰਾਰਥਕ ਵੀ ਹੋ ਸਕਦਾ ਹੈ।

ਅਸਤਿਤਵ ਦੋ ਪ੍ਰਕਾਰ ਦਾ ਹੁੰਦਾ ਹੈ- ਪ੍ਰਮਾਣਿਕ ਅਸਤਿਤਵ ਅਤੇ ਅਪ੍ਰਮਾਣਿਕ ਅਸਤਿਤਵ। ਪ੍ਰਮਾਣਿਤ ਤੋਂ ਭਾਵ ਅੰਤਰਿਕ, ਸਾਰਥਕ, ਅਤੇ ਨਿਤਾਂਤ ਜ਼ਿੰਮੇਵਾਰ ਜੀਵਨ ਹੈ ਭਾਵ ਜੋ ਵਿਅਕਤੀ ਸੰਕਟ, ਦੁਵਿੱਧਾ, ਸੰਘਰਸ਼, ਵਿਆਕੁਲਤਾ, ਸੰਤਾਪ, ਕਲੇਸ਼ ਅਤੇ ਮੌਤ ਦੇ ਸਮੇਂ ਮਹਿਸੂਸ ਕਰਦਾ ਹੈ ਕਿ ਉਹ ਹੈ ਪ੍ਰੰਤੂ ਇਕੱਲਾ ਹੈ। ਉਹ ਆਪਣੇ ਆਪਨੂੰ ਹੀ ਸਭ ਗੱਲਾਂ ਲਈ ਜ਼ਿੰਮੇਵਾਰ ਮਹਿਸੂਸ ਕਰਦਾ ਹੈ। ਇਸ ਪਰਮ-ਨਿਜਤੱਵ ਦੇ ਅਨੁਭਵ ਦੇ ਬਾਦ ਉਹ ਆਪਣੇ ਜੀਵਨ ਵਿੱਚ ਇਕ ਨਵਾਂ ਅਰਥ ਪਾ ਲੈਂਦਾ ਹੈ। ਇਹ ਅਨੁਭਵ ਮਨੁੱਖ ਨੂੰ ਸਦਾ ਮਾਰਗ ਦਿਖਾਉਂਦਾ ਹੈ ਅਤੇ ਉਸਦੇ ਜੀਵਨ ਨੂੰ ਖੁਸ਼ਹਾਲ ਕਰਦਾ ਹੈ। ਹਰੇਕ ਸੰਕਟ ਅਤੇ ਨਿਸ਼ਚੇ ਦੇ ਅਨੁਭਵ ਤੋਂ ਨਿਕਲਕੇ ਵਿਅਕਤੀ ਸਤੰਤਰਤਾ ਮਹਿਸੂਸ ਕਰਦਾ ਹੈ। ਇਹ ਸੁਤੰਤਰਤਾ ਉਸਦੀ ਨਿਜੀ ਜ਼ਿੰਮੇਵਾਰੀ ਦੀ ਅਨੁਭੂਤੀ ਹੈ। ਸੁਤੰਤਰਤਾ ਹੀ ਮਨੁੱਖ ਦੇ ਅਸਤਿਤਵ ਨੂੰ ਇਜ਼ਤ ਅਤੇ ਸਾਰਥਕਤਾ ਪ੍ਰਦਾਨ ਕਰਦੀ ਹੈ। ਇੰਜ ਅਸਤਿਤਵ ਮਨੁੱਖ ਦੀ ਸਭ ਤੋਂ ਵੱਡੀ ਵਾਸਤਵਿਕਤਾ ਹੈ।

### 2.4.3 ਮਨੁੱਖ ਦੀਆਂ ਮਾਨਸਿਕ ਅਵਸਥਾਵਾਂ :

ਅਸਤਿਤਵਵਾਦੀਆਂ ਅਨੁਸਾਰ ਅੱਜ ਦੇ ਯੁੱਗ ਵਿੱਚ ਮਨੁੱਖ ਦੀ ਦੁਰਗਤੀ ਹੋ ਰਹੀ ਹੈ ਜਿਸਨੂੰ ਉਹ ਸੰਕਟ ਆਖਦਾ

ਹੈ। ਮਨੁੱਖ ਦਾ ਜੀਵਨ ਨਿਰਰਥਕ ਹੋ ਰਿਹਾ ਹੈ, ਇਹ ਉਸਦੀਆਂ ਕਮਜ਼ੋਰ ਅਵਸਥਾਵਾਂ ਦਾ ਕਾਰਣ ਹੈ। ਜਦੋਂ ਮਨੁੱਖ ਆਪਣੇ ਵਾਸਤਵਿਕ ਅਸਤਿਤੱਵ ਅਤੇ ਉਦੇਸ਼ ਨੂੰ ਨਹੀਂ ਪਹਿਚਾਣਦਾ ਤਾਂ ਉਹ ਵਿਅਕੁਲਤਾ, ਨਿਰਾਸ਼ਾ, ਡਰ, ਅਪਰਾਧ ਭਾਵ ਇਕੱਲਾਭਾਵ, ਅਪੂਰਨ ਭਾਵ ਅਤੇ ਮੌਤ ਕੇ ਭਾਵ ਦਾ ਅਨੁਭਵ ਕਰਦਾ ਹੈ। ਇਹ ਸਾਰੇ ਮਿਲਦੇ ਉਸਦੇ ਜੀਵਨ ਦਾ ਧਰਮ ਸੰਕਟ ਅਤੇ ਕਲੇਸ਼ ਬਣ ਜਾਂਦੇ ਹਨ। ਇਹ ਸੰਕਟ ਮਨੁੱਖ ਨੂੰ ਆਪਣਾ ਵਾਸਤਵਿਕ ਨਿੱਜਤਵ ਲੱਭਣ ਲਈ ਤਿਆਰ ਕਰਦਾ ਹੈ।

### ਫੈਸਲਾ, ਸੁੰਤਤਰਤਾ ਅਤੇ ਜ਼ਿੰਮੇਵਾਰੀ :-

### (Decision, Freedom and Responsibility:

ਉਨ੍ਹਾਂ ਦੇ ਮੱਤ ਅਨੁਸਾਰ ਮਨੁੱਖ ਬਿਲਕੁਲ ਸੁੰਤਤਰ ਹੈ ਅਤੇ ਉਹ ਆਪਣੇ ਨਿਸ਼ਚੇ ਦਾ ਖੁਦ ਜ਼ਿੰਮੇਵਾਰ ਹੈ, ਦੂਜਾ ਕੋਈ ਨਹੀਂ। ਮਨੁੱਖ ਦੇ ਸਾਹਮਣੇ ਸਾਰੇ ਮਾਰਗ, ਵਿਕਲਪ ਅਤੇ ਸੰਭਾਵਨਾਵਾਂ ਖੁਲ੍ਹੀਆਂ ਹੁੰਦੀਆਂ ਹਨ, ਉਹੀ ਚੁਣਾਵ ਕਰਦਾ ਹੈ। ਇਹੀ ਉਸਦੀ ਸੁਤੰਤਰਤਾ ਹੈ ਜੋ ਉਹ ਨਿਸ਼ਚੇ ਕਰਨ ਵਿਚ ਪ੍ਰਮਾਣਿਤ ਕਰਦਾ ਹੈ। ਸੁਤੰਤਰਤਾ ਨੂੰ ਅਨੁਭਵ ਕੀਤਾ ਜਾਂਦਾ ਹੈ। ਹਰੇਕ ਵਿਅਕਤੀ ਨਿਸ਼ਚੇ ਤੋਂ ਬਾਅਦ ਇਸਨੂੰ ਅਨੁਭਵ ਕਰਦਾ ਹੈ। ਸੁਤੰਤਰਤਾ ਵਿਅਕਤੀ ਦੇ ਪਰਮ-ਆਂਤਰਿਕ ਨਿੱਜਤਵ ਦੀ ਮੰਗ ਅਤੇ ਅਭਿਵਿਅਕਤੀ ਹੈ। ਇਹ ਵਾਸਤਵਿਕ ਅਸਤਿੱਤਵ ਨੂੰ ਪ੍ਰਗਟ ਕਰਨ, ਸੰਘਰਸ਼ ਕਰਨ, ਨਿਸ਼ਚੇ ਕਰਨ ਅਤੇ ਨਿਸ਼ਚੇ ਲਈ ਜ਼ਿੰਮੇਵਾਰੀ ਮਹਿਸੂਸ ਕਰਨ ਵਿੱਚ ਹੈ।

ਸੁਤੰਤਰਤਾ ਅਤੇ ਜ਼ਿੰਮੇਵਾਰੀ ਦੇ ਭਾਵ ਹੀ ਮਨੁੱਖ ਦੀਆਂ ਉਚਾਈਆਂ ਬਣਦੇ ਹਨ। ਇਸਦੇ ਕਾਰਣ ਹੀ ਉਹ ਮਨੁੱਖ ਹੈ। ਇਹ ਉਸਦੇ ਅਸਤਿਤਵ ਤੋਂ ਪੈਦਾ ਹੋਈਆਂ ਅਭਿਵਿਅਕਤੀਆਂ ਹਨ। ਇਨ੍ਹਾਂ ਦੁਆਰਾ ਅਸਤਿੱਤਵ ਪ੍ਰਮਾਣਿਤ ਹੁੰਦਾ ਹੈ।

### 2.4.4 ਅਸਤਿੱਤਵਵਾਦ ਦੀਆਂ ਦੋ ਕਿਸਮਾਂ :

1.ਆਸਤਿਕ (ਈਸ਼ਵਰਵਾਦੀ-Theistic) 2. ਨਾਸਤਿਕ (ਅਨੀਸ਼ਵਰਵਾਦੀ-Atheistic) ਆਸਤਿਕ ਅਸਤਿਤਵਵਾਦ ਮਨੁੱਖੀ ਜੀਵਨ ਨੂੰ ਪ੍ਰਭੂ ਦੇ ਨਾਲ ਜੋੜ ਕੇ ਉਸਨੂੰ ਸਾਰਥਕ ਅਤੇ ਪੂਰਣ ਮੰਨਦੇ ਹਨ। ਈਸ਼ਵਰ ਨਾਲ ਸੰਬੰਧ ਜੋੜੇ ਬਿਨਾਂ ਉਹ ਅਧੂਰਾ ਅਤੇ ਨਿਰਾਰਥਕ ਰਹਿੰਦਾ ਹੈ ਅਤੇ ਇਸੇ ਕਾਰਨ ਮਨੁੱਖ ਵਿਆਕੁਲਤਾ ਅਤੇ ਸੰਕਟ ਦੇ ਭਾਵ ਅਨੁਭਵ ਕਰਦਾ ਹੈ। ਉਸਦੀ ਨਿਰਾਸ਼ਾ ਆਸ਼ਾ ਵਿੱਚ ਬਦਲ ਸਕਦੀ ਹੈ। ਜੇ ਉਹ ਆਪਣੇ ਅਸਤਿਤਵ ਤੋਂ ਵੱਧ ਕੇ ਈਸ਼ਵਰ ਨਾਲ ਸੰਬੰਧ ਕਾਇਮ ਕਰਦਾ ਹੈ। ਕਿਰਕੇਗਾਰਦ ਅਤੇ ਮਾਰਸ਼ਲ ਇਸਦੇ ਮੁੱਖ ਦਰਸ਼ਨਕਾਰ ਮੰਨੇ ਜਾਂਦੇ ਹਨ।

ਨਾਸਤਿਕ ਅਸਤਿਤਵਵਾਦ ਇਹ ਆਖਦਾ ਹੈ ਕਿ ਮਨੁੱਖ ਦੇ ਅਸਤਿਤਵ ਦੇ ਪਰ੍ਹਾਂ ਜਾਂ ਉਪਰ ਹੋਰ ਕੋਈ ਉੱਚ ਸੱਤਾ ਨਹੀਂ ਹੈ। ਉਸਦਾ ਸੰਕਟ ਅਤੇ ਕਲੇਸ਼ ਆਪਣੇ ਵਾਸਤਵਿਕ ਅਸਤਿਤਵ ਨੂੰ ਪਹਿਚਾਨਣ ਵਿੱਚ ਹੈ ਅਤੇ ਜਦੋਂ ਤੱਕ ਉਹ ਆਪਣੇ ਨਿੱਜਤਵ ਨੂੰ ਅਨੁਭਵ ਕਰਦਾ, ਉਹ ਵਿਆਕੁਲ ਅਤੇ ਨਿਰਾਸ਼ ਰਹੇਗਾ। ਉਹ ਇਕਾਈ ਹੈ ਅਤੇ ਕਿਉਂਕਿ ਈਸ਼ਵਰ ਨਹੀਂ ਹੈ ਜੀਵਨ ਵਿੱਚ ਕਸ਼ਟ, ਸਤਿਆ ਆਦਿ ਭਾਵ ਅਵਸ਼ਭਾਵੀ ਹਨ। ਇਸ ਧਾਰਾ ਦੇ ਮੁੱਖ ਦਾਰਸ਼ਨਿਕ ਨਤਿਸ਼ੇ, ਜਾਸਪਰਜ਼ ਤੇ ਸਾਰਤਰੇ ਕਹੇ ਜਾਂਦੇ ਹਨ।

### 2.4.5 (1) ਕਿਰਕੇਗਾਰਦ :

ਇਸਨੂੰ ਅਸਤਿਤਵਵਾਦ ਦਾ ਬਾਨੀ ਮੰਨਿਆ ਜਾਂਦਾ ਹੈ। ਇਸਦਾ ਆਪਣਾ ਜੀਵਨ ਅਪਰਾਧ ਭਾਵਨਾ ਨਾਲ ਪਰਿਪੂਰਣ ਸੀ ਅਤੇ ਇਹ ਆਮ ਤੌਰ ਤੇ ਆਪਣਾ ਮਨੋਵਿਸ਼ਲੇਸ਼ਣ ਕਰਦਾ ਹੈ। ਇਹ ਈਸਾਈ ਮੱਤ ਵਿੱਚ ਆਪਣਾ ਪੱਕਾ ਵਿਸ਼ਵਾਸ ਰੱਖਦਾ ਹੈ। ਉਸਦੇ ਦਰਸ਼ਨ ਦੀ ਮੁੱਖ ਸਮੱਸਿਆ ਇਹ ਹੈ ਕਿ ਇਕ ਵਿਅਕਤੀ ਸੱਚਾ ਈਸਾਈ ਕਿਵੇਂ ਬਣ ਸਕਦਾ ਹੈ। ਕਿਰਕੇਗਾਰਡ ਲਈ ਜੀਵਨ ਵਿੱਚ ਬੁਨਿਆਦੀ ਮਸਲਾ ਇਹ ਹੈ ਕਿ ਇਕ ਸੱਚਾ ਈਸਾਈ ਬਣਨਾ ਜਾਂ ਇਕ ਸਮੁੱਚਾ ਵਿਅਕਤੀ ਬਣਨ ਦੀ ਮਤਲਬ ਕੀ ਹੈ? ਉਸਦਾ ਸੰਬੰਧ ਸਾਧਾਰਨ ਰੂਪ ਵਿੱਚ 'ਭਾਵਤਾ' ਨਾਲ ਨਹੀਂ ਹੈ ਸਗੋਂ ਕੇਵਲ

ਮਨੁੱਖੀ ਹੋਂਦ ਨਾਲ ਹੀ ਹੈ। ਉਹ ਚਾਹੁੰਦਾ ਸੀ ਕਿ ਵਿਅਕਤੀ ਅਸਤਿੱਤਵ ਦੇ ਕੇਂਦਰੀ ਕਾਰਕਾਂ ਨੂੰ, ਆਪਣੀਆਂ ਅਨੈਤਿਕ ਆਤਮਾਵਾਂ ਨੂੰ ਅਪਣੀਆਂ ਕਿਸਮਤਾਂ ਅਤੇ ਪਰਮਾਤਮਾ ਦੀ ਸੱਤਾ ਨੂੰ ਸਮਝਣ ਜੋ ਨਿਰਪੇਖ ਸ਼ਕਤੀ ਹੈ। ਕਿਰਕੇਗਾਰਡ ਅਨੁਸਾਰ ਈਸਾਈ ਮੱਤ ਦੇ ਦੋ ਮੁੱਖ ਦੁਸ਼ਮਣ ਹਨ। ਪਹਿਲਾ, ਹੀਗਲ ਦਾ ਫਲਸਫ਼ਾ ਹੈ ਜੋ ਉਸ ਸਮੇਂ ਪ੍ਰਚੱਲਿਤ ਸੀ। ਉਸ ਅਨੁਸਾਰ ਅਮੂਰਤ ਕਲਪਨਾ ਜਾਂ ਚਿੰਤਨ ਚਾਹੇ ਉਹ ਈਸਾਈ ਮੱਤ ਹੋਵੇ ਚਾਹੇ ਹੀਗਲ ਦੇ ਫਲਸਫ਼ੇ ਦੇ ਰੂਪ ਵਿਚ, ਦੋਨਾਂ ਤਰ੍ਹਾਂ ਨਾਲ ਮਨੁੱਖ ਨੂੰ ਅਪਣੇ ਆਪ ਤੋਂ ਬੇਗਾਨਾ ਬਣਾਉਂਦਾ ਹੈ। ਇਸ ਤਰ੍ਹਾਂ ਦਾ ਚਿੰਤਨ ਬੁੱਧੀ ਉੱਪਰ ਜ਼ੋਰ ਦਿੰਦਾ ਹੈ ਪਰੰਤੂ ਚਿੰਤਨ ਨੂੰ ਨਜ਼ਰ-ਅੰਦਾਜ਼ ਕਰਦਾ ਹੈ। ਕਿਰਕੇਗਾਰਡ ਉਹਨਾਂ ਪ੍ਰੋਟੈਸਟੈਟਾਂ ਦੀ ਵਿਰੋਧਤਾ ਕਰਦਾ ਹੈ ਜੋ ਰੂਹਾਨੀਅਤ ਨੂੰ ਸੰਸਾਰਕ ਅਨੁਭਵ ਦੇ ਤੌਰ ਤੇ ਲੈਂਦਾ ਹਨ ਜਾਂ ਫਿਰ ਕਹਿੰਦੇ ਹਨ ਕਿ ਪਰਮਾਤਮਾ ਅਪਣੀ ਅਭਿਵਿਅਕਤੀ ਪ੍ਰਾਕਿਰਤੀ ਮਨੁੱਖ ਇਤਿਹਾਸ ਅਤੇ ਮਨੁੱਖੀ ਜੀਵਨਾਂ ਰਾਹੀ ਕਰਦੇ ਹਨ। ਉਸ ਅਨੁਸਾਰ ਫਲਸਫ਼ਾ ਅਤੇ ਧਰਮ ਬਿਲਕੁਲ ਹੀ ਭਿੰਨ ਭਿੰਨ ਖੇਤਰਾਂ ਨਾਲ ਸੰਬੰਧਤ ਹਨ। ਮਿਸਾਲ ਵਜੋਂ ਬੁੱਧੀ ਉਸ ਨਾਲ ਸੰਬੰਧ ਰੱਖਦੀ ਹੈ ਜੋ ਕਾਲ ਵਿੱਚ ਵਾਪਰਦਾ ਹੈ ਜਦੋਂ ਕਿ ਈਸਾਈ ਮੱਤ ਅਮਰਤਾ ਨਾਲ ਸੰਬੰਧਤ ਹੈ।

ਈਸਾਈ ਮੱਤ ਦਾ ਦੂਜਾ ਦੁਸ਼ਮਣ ਰਵਾਇਤੀ ਗਿਰਜਾ ਘਰ ਜਾਣ ਵਾਲਾ ਵਿਅਕਤੀ ਹੈ ਜੋ ਕਲਪਨਾ ਕਰਦਾ ਹੈ ਕਿ ਉਹ ਈਸਾਈ ਸਮੁਦਾਇ ਵਿੱਚ ਰਹਿ ਰਿਹਾ ਹੈ ਅਤੇ ਸੋਚਦਾ ਹੈ ਕਿ ਉਹ ਇਕ ਚੰਗਾ ਈਸਾਈ ਹੈ ਕਿਉਂਕਿ ਉਹ ਚੰਗੇ ਕਰਮ ਕਰ ਰਿਹਾ ਹੈ ਅਤੇ ਇਕ ਚੰਗਾ ਨਾਗਰਿਕ ਹੈ। ਅਚਿੰਤਕ ਜਾਂ ਆਮ ਗਿਰਜਾ ਘਰ ਦਾ ਮੈਂਬਰ ਇਕ ਚੰਗਾ ਕੰਮ ਕਾਰਜ ਕਰਨ ਵਾਲਾ ਤਾਂ ਹੋ ਸਕਦਾ ਹੈ ਪਰੰਤੂ ਉਹ ਧਰਮ ਤੋਂ ਵੀ ਬੇਗਾਨਾ ਹੋ ਚੁੱਕਾ ਹੁੰਦਾ ਹੈ ਅਤੇ ਉਹ ਨਹੀਂ ਜਾਣਦਾ ਕਿ ਈਸਾਈ ਬਣਨ ਤੋਂ ਕੀ ਅਰਥ ਹੈ? ਕਿਰਕੇਗਾਰਡ ਖੁਦ ਅਪਣੇ ਸਮੇਂ ਦੇ ਈਸਾਈ ਮੱਤ ਦਾ ਕੱਟੜ ਵਿਰੋਧੀ ਰਿਹਾ ਹੈ, ਖਾਸ ਕਰਕੇ ਗੈਰ-ਰਿਵਾਇਤੀ ਈਸਾਈਆਂ ਦਾ ਜੋ ਵਿਕਾਸਵਾਦੀ ਆਸ਼ਾ ਰੱਖਦੇ ਹਨ ਜਿਵੇਂ ਕਿ ਉਹ ਮਾਨਵੀ ਪ੍ਰਗਤੀ ਵਿੱਚ ਵਿਸ਼ਵਾਸ ਰੱਖਦੇ ਹਨ, ਬੁੱਧੀ ਵਿੱਚ ਭਰੋਸਾ ਰੱਖਦੇ ਹਨ ਅਤੇ ਮਨੁੱਖ ਦੀ ਭਾਲਈ ਵਿੱਚ ਉਹਨਾਂ ਦਾ ਵਿਸ਼ਵਾਸ ਹੁੰਦਾ ਹੈ।

ਕਿਰਕੇਗਾਰਦ ਅਨੁਸਾਰ ਪਰਮਾਤਮਾ ਅਤੇ ਸੰਸਾਰ, ਰਚਨਹਾਰੇ ਅਤੇ ਰਚਨਾ, ਅਤਿ-ਪ੍ਰਾਕਿਰਤੀ ਅਤੇ ਪ੍ਰਾਕਿਰਤੀ ਵਿਚਕਾਰ ਨਾ ਭਰਨ ਵਾਲੀ ਇਕ ਖਾਈ ਹੈ। ਪਰਮਾਤਮਾ ਸਾਰੇ ਸਮਾਜਿਕ ਅਤੇ ਨੈਤਿਕ ਆਦਰਸ਼ਾਂ ਤੋਂ ਉੱਪਰ ਹੈ। ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਮਨੁੱਖ ਇਸ ਖਾਈ(gap) ਨੂੰ ਕਿਵੇਂ ਪਾਰ ਕਰ ਸਕਦਾ ਹੈ? ਇਕ ਕਠੋਰ ਦਵੈਤਵਾਦ ਲੱਗਦਾ ਹੈ। ਸੰਦੇਹ ਕਾਰਨ ਉਹ ਅਸਤਿੱਤਵਵਾਦੀ ਸੰਤਾਪ ਭੋਗਦਾ ਹੈ। ਉਸ ਅਨੁਸਾਰ ਕੋਈ ਵੀ ਵਿਅਕਤੀ ਜਿਸਨੇ ਚਿੰਤਾ ਅਤੇ ਦੁੱਖ ਦਾ ਕੌੜਾ ਸੁਆਦ ਨਹੀਂ ਚੱਖਿਆ, ਉਹ ਜੀਵਨ ਦੀ ਮਹੱਤਤਾ ਨਹੀਂ ਜਾਣ ਸਕਦਾ, ਚਾਹੇ ਉਸਦਾ ਜੀਵਨ ਕਿੰਨਾ ਹੀ ਸੁੰਦਰ ਜਾਂ ਖੁਸ਼ੀਆਂ ਭਰਿਆ ਕਿਉਂ ਨਾ ਹੋਵੇ। ਜਦੋਂ ਮਨੁੱਖ ਸੰਤਾਪ ਭੋਗਦਾ। ਉਸ ਸਮੇਂ ਉਹ ਬੁੱਧੀ ਨੂੰ ਤਿਆਗ ਕੇ ਵਿਸ਼ਵਾਸ ਨੂੰ ਗਲੇ ਲਗਾਉਂਦਾ ਹੈ। ਕਿਰਕੇਗਾਰਡ ਅਨੁਸਾਰ, ''ਵਿਸ਼ਵਾਸ ਹੀ ਸਭ ਕੁਝ ਹੈ। ਉਸ ਅਨੁਸਾਰ ਜਾਂ ਤਾਂ ਸਾਨੂੰ ਪਰਮਾਤਮਾ ਵਿੱਚ ਅੱਟਲ ਵਿਸ਼ਵਾਸ ਹੋਣਾ ਚਾਹੀਦਾ ਹੈ, ਨਹੀਂ ਤਾਂ ਖੁਲ੍ਹਮ-ਖੁਲ੍ਹੀ ਵਿਰੋਧਤਾ। ਮਨੁੱਖ ਜਾਂ ਤਾਂ ਕ੍ਰਾਸਈਟ ਵਿੱਚ ਵਿਸ਼ਵਾਸ ਰੱਖਦਾ ਹੈ ਜਾਂ ਉਸਦੀ ਹੋਂਦ ਦੇ ਵਿਰੁੱਧ ਹੈ। ਈਸਾਈ ਮੱਤ ਜਾਂ ਤਾਂ ਪੂਰਨ ਰੂਪ ਵਿੱਚ ਸੱਚਾ ਹੈ ਜਾਂ ਪੂਰੀ ਤਰ੍ਹਾਂ ਗਲਤ। ਦਾਰਸ਼ਨਿਕ ਹੋਣ ਕਰਕੇ ਉਸਨੂੰ ਅਪਣੇ ਆਪੇ ਨੂੰ ਸਮਝਣਾ ਚਾਹੀਦਾ ਹੈ ਕਿ ਉਹ ਪਰਮਾਤਮਾ ਦੀ ਰਚਨਾ ਹੈ ਜੋ ਨਿਰਪੇਖ ਸ਼ਕਤੀ ਹੈ।

ਚਾਹੇ ਕੁਝ ਵਿਦਵਾਨ ਨਿਤਸ਼ੇ ਨੂੰ ਇਕ ਅਸਤਿੱਤਵਵਾਦੀ ਮੰਨਦੇ ਹਨ ਅਤੇ ਕੁਝ ਦੂਜੇ ਨਹੀਂ, ਫਿਰ ਵੀ ਲਹਿਰ ਉੱਪਰ ਉਸਦੇ ਕਾਫ਼ੀ ਪ੍ਰਭਾਵ ਨੂੰ ਵੇਖਿਆ ਜਾ ਸਕਦਾ ਹੈ। ਅਸਤਿੱਤਵਵਾਦ ਦੀ ਲਹਿਰ ਵਿੱਚ ਨਿਤਸ਼ੇ ਇਕ ਕੇਂਦਰੀ ਜਾਮ੍ਹਾਂ ਰੱਖਦਾ ਹੈ। ਉਸਤੋਂ ਬਗੈਰ ਜਾਸਪਰ, ਹੈਦੇਗਰ ਅਤੇ ਸਾਰਤਰ ਬਾਰੇ ਸੋਚਿਆ ਨਹੀਂ ਜਾ ਸਕਦਾ। ਨਿਤਸ਼ੇ ਬਗੈਰ ਅਸਤਿੱਤਵਵਾਦੀ ਉੱਝ ਹੀ ਹੈ ਜਿਵੇਂ ਅਰਸਤੂ ਤੋਂ ਬਗੈਰ। (Thomism)

**2.4.6** ਨਿਤਸ਼ੇ ਅਤੇ ਕਿਰਕੇਗਾਰਦ ਬਹੁਤ ਸਾਰੇ ਨੁਕਤਿਆਂ ਉੱਪਰ ਸਹਿਮਤ ਵੀ ਹਨ ਅਤੇ ਅਸਹਿਮਤ ਵੀ। ਦੋਹਾਂ

ਦਾ ਜੀਵਨ ਨਾ-ਖੁਸ਼, ਏਕਾਂਤਮਈ ਅਤੇ ਦਰਦ ਭਰਿਆ ਰਿਹਾ ਹੈ। ਦੋਹਾਂ ਦਾਰਸ਼ਨਿਕਾਂ ਨੇ 19ਵੀਂ ਸਦੀ ਦੇ ਚਿੰਤਨ ਦੀ ਵਿਰੋਧਤਾ ਕੀਤੀ ਅਤੇ ਦੋਹਾਂ ਦਾ ਸੰਬੰਧ ਮਨੁੱਖੀ ਸੰਕਟ ਨਾਲ ਰਿਹਾ ਹੈ। ਉਹਨਾਂ ਨੇ ਹਰੇਕ ਮਨੁੱਖ ਨੂੰ ਇਕ ਅਸਤਿੱਤਵ ਹਸਤੀ ਦੇ ਤੌਰ ਤੇ ਲਿਆ ਹੈ। ਜਿਸਦੇ ਜੀਵਨ ਨੂੰ ਰਵਾਇਤੀ ਢੰਗਾਂ ਨਾਲ ਬਿਆਨਿਆ ਨਹੀਂ ਜਾ ਸਕਦਾ ਪਰੰਤੂ ਦੋਹਾਂ ਵਿਚਕਾਰ ਅੰਤਰ ਵੀ ਵੇਖਿਆ ਜਾ ਸਕਦਾ ਹੈ ਜਿਵੇਂ ਕਿਰਕੇਗਾਰਦ ਲਈ ਮੁੱਖ ਸਮੱਸਿਆ ਸੀ ਕਿ ਇਕ ਈਸਾਈ ਕਿਵੇਂ ਬਣਿਆ ਜਾ ਸਕਦਾ ਹੈ ਪਰੰਤੂ ਨਿਤਸ਼ੇ ਨੇ ਈਸਾਈ ਮੱਤ ਦਾ ਖੰਡਨ ਕੀਤਾ ਹੈ ਅਤੇ ਕਿਹਾ ਹੈ ''ਪਰਮਾਤਮਾ ਮਰ ਚੁੱਕਾ ਹੈ'' ਨਿਤਸ਼ੇ ਨੇ ਈਸਾਈ ਮੱਤ ਦੀ ਵਿਰੋਧਤਾ ਇਸ ਲਈ ਕੀਤੀ ਕਿਉਂਕਿ ਇਹ ਬੁੱਧੀ ਦਾ ਦੁਸ਼ਮਣ ਹੈ। ਉਸਦੀ ਸਮੱਸਿਆ ਸੀ ਕਿ ਨਾਸਤਿਕਵਾਦੀ ਤੌਰ ਤੇ ਕਿਵੇਂ ਜੀਵਿਆ ਜਾ ਸਕਦਾ ਹੈ। ਉਸਦਾ ਜ਼ੋਰ ਜੀਵਨ, ਮੂਲ ਪ੍ਰਵਿਰਤੀ ਅਤੇ ਸਕਤੀ ਉੱਪਰ ਸੀ। ਉਹ ਉਚੇਰੇ ਮਨੁੱਖ ਲਈ ਰਸਤਾ ਬਣਾਉਣਾ ਚਾਹੁੰਦਾ ਸੀ ਜੋ ਉਚੇਰੇ ਮੁੱਲਾਂ ਨੂੰ ਖੁਦ ਸਿਰਜੇ। ਉਸ ਅਨੁਸਾਰ ਮਨੁੱਖ ਅਪਣੇ ਮੁੱਲਾਂ ਖੋਜਦਾ ਨਹੀਂ ਸਗੋਂ ਉਹਨਾਂ ਦੀ ਰਚਨਾ ਕਰਦਾ ਹੈ। ਅਤਿ-ਮਨੁੱਖ (superman) ਜੋ ਚੰਗਿਆਈ ਅਤੇ ਬੁਰਾਈ ਤੋਂ ਦੂਰ ਹੈ, ਉਹ ਮਨੁੱਖ ਲਈ ਨਵੇਂ ਮੁੱਲਾਂ ਨੂੰ ਪੈਦਾ ਕਰਦਾ ਹੈ ਨਿਤਸ਼ੇ ਮਹਿਸੂਸ ਕਰਦਾ ਹੈ ਕਿ ਪੱਛਮੀ ਸਭਿਅਤਾ ਦੇ ਦੁੱਖ ਲਈ ਈਸਾਈ ਮੱਤ ਹੀ ਜ਼ਿੰਮੇਵਾਰ ਹੈ। ਮਨੁੱਖ ਨੂੰ ਆਪਣੇ ਅਸਿਤਤਵ, ਆਤਮਾ, ਅੰਤਿਮ ਉਦੇਸ਼ ਅਤੇ ਈਸ਼ਵਰ ਦੀ ਸੱਤਾ ਨੂੰ ਜਾਨਣਾ ਚਾਹੀਦਾ ਹੈ। ਉਹ ਮਨੁੱਖ ਦੇ ਜੀਵਨ ਦੇ ਤਿੰਨ ਪੱਧਰ ਦਸਦਾ ਹੈ।

1. ਭਾਵਾਤਮ ਪੱਧਰ, 2. ਨੈਤਿਕ ਪੱਧਰ, 3. ਧਾਰਮਿਕ ਪੱਧਰ।

**(2) ਮਾਰਸ਼ਲ :-** ਫਰਾਂਸ ਦਾ ਦਰਸ਼ਨਕਾਰ ਹੈ। ਇਹ ਬਰਗਸਾਂ ਦੇ ਪ੍ਰਭਾਵ ਅਧੀਨ ਆ ਕੇ ਇੰਦਰੀ ਅਨੁਭਵ ਅਤੇ ਤਰਕ ਦਾ ਖੰਡਨ ਕਰਕੇ, ਅੰਤਰ-ਦ੍ਰਿਸ਼ਟੀ ਨੂੰ ਕੇਵਲ ਮਾਤਰ ਗਿਆਨ ਦਾ ਸੋਮਾ ਮੰਨਦਾ ਹੈ। ਉਸਦੇ ਨਾਟਕਾਂ ਦਾ ਮੁੱਖ ਵਿਸ਼ਾ-ਵਸਤੂ ਇਕਲਾਪਨ, ਨਿਰਾਸ਼ਾ ਅਤੇ ਸ਼ੱਕ ਰਿਹਾ ਹੈ। ਉਸਦੇ ਲਈ ਦਰਸ਼ਨ ਦੇ ਖੇਤਰ ਵਿੱਚ ਦੋ ਵੱਡੇ ਪ੍ਰਸ਼ਨ ਹਨ-(1) ਮੈਂ ਕੀ ਹਾਂ? (2) ਅਸਤਿਤਵ ਕੀ ਹੈ? ਇਸਦਾ ਹੱਲ ਉਹ ਆਪਣੀ ਪ੍ਰਸਿੱਧ ਪੁਸਤਕ "The mystery of Being"ਵਿਚ ਕਰਦਾ ਹੈ। ਮਾਰਸ਼ਲ ਦੇ ਦਰਸ਼ਨ ਵਿੱਚ ਦੋ ਤਰ੍ਹਾਂ ਦੇ ਭੇਦ ਜਾਣਨਾ ਜ਼ਰੂਰੀ ਹੈ।

**(ੳ) ਪਹਿਲਾ ਚਿੰਤਨ :** ਇਹ ਸਾਧਾਰਨ ਵਿਅਕਤੀ ਵਿਗਿਆਨਕ ਤੇ ਤਕਨੀਕੀ ਦਾ ਪੱਧਰ ਹੈ ਜਿਸ ਤੇ ਵਸਤੂ ਨੂੰ ਜਾਂ ਤਾਂ ਬਾਹਰੀ ਰੂਪ ਨਾਲ ਦੇਖਿਆ ਜਾਂਦਾ ਹੈ ਜਾਂ ਉਸਨੂੰ ਗ੍ਰਹਿਣ ਕੀਤਾ ਜਾਂਦਾ ਹੈ। ਇਹ ਗਿਆਤਾ ਤੇ ਗਿਆਤ ਵਿੱਚ ਅੰਤਰ ਤੇ ਆਧਾਰਿਤ ਅਨੁਭਵ ਹੈ। ਦੂਜਾ ਚਿੰਤਨ ਪਹਿਲੇ ਚਿੰਤਨ ਤੋਂ ਅੱਗੇ ਨਿਕਲ ਜਾਂਦਾ ਹੈ। ਇਹ ਅੰਤਰਦ੍ਰਿਸ਼ਟੀ ਹੈ ਜੋ ਵਿਗਿਆਨ ਅਤੇ ਸਧਾਰਨ ਵਿਅਕਤੀ ਦੇ ਪੱਧਰ ਤੋਂ ਦੂਰ ਹੈ। ਇਹ ਦਾਰਸ਼ਨਿਕ ਅਨੁਭਵ ਹੈ।

**(ਅ) ਗ੍ਰਹਿਣ ਕਰਨ ਅਤੇ ਹੋਣ ਵਿੱਚ ਅੰਤਰ ਹੈ :** ਗ੍ਰਹਿਣ ਕਰਨ ਵਿੱਚ ਦੋ ਵਸਤਾਂ ਵਿੱਚ ਸੰਬੰਧ ਕਾਇਮ ਹੁੰਦਾ ਹੈ, ਪਰ ਹੋਣ ਵਿੱਚ ਇਕ ਹੀ ਭਾਵ ਪ੍ਰਗਟ ਹੁੰਦਾ ਹੈ। ਜਦੋਂ ਵਿਅਕਤੀ ਕਹਿੰਦਾ ਹੈ ਕਿ ਉਹ ਸਰੀਰ ਰੱਖਦਾ ਹੈ ਤਾਂ ਇਸਦਾ ਇਹ ਅਰਥ ਹੈ ਕਿ ਉਹ ਸਰੀਰ ਤੋਂ ਵੱਖ ਹੈ ਪਰ ਹੋਣ ਦੇ ਭਾਵ ਵਿੱਚ ਅਸਤਿਤਵ ਨੂੰ ਅਨੁਭਵ ਕੀਤਾ ਜਾਂਦਾ ਹੈ। ਜੀਵਨ ਵਿੱਚ ਗ੍ਰਹਿਣ ਕਰਨਾ ਸੁਭਾਵਿਕ ਹੈ, ਪਰ ਗ੍ਰਹਿਣ ਕਰਨ ਦੇ ਭਾਵ ਤੋਂ ਹੋਣ ਤੱਕ ਪਹੁੰਚਦਾ ਹੀ ਜੀਵਨ ਨੂੰ ਸਾਰਥਕ ਬਣਾਉਂਦਾ ਹੈ। ਅੰਤ ਵਿੱਚ ਉਹ ਆਪਣੇ ਤੋਂ ਉਪਰ ਉਠ ਕੇ ਪ੍ਰਮਾਣਿਤ ਤੇ ਪਰਮਸੱਤਾ ਨੂੰ ਪ੍ਰਾਪਤ ਕਰਦਾ ਹੈ ਜੋ ਈਸ਼ਵਰ ਹੈ। ਮਾਰਸ਼ਲ ਦੇ ਅਨੁਸਾਰ ਮਨੁੱਖ ਦੀ ਸੱਚੀ ਸੁਤੰਤਰਤਾ ਉਸਦੀ ਆਸ਼ਾ, ਵਿਸ਼ਵਾਸ, ਪ੍ਰੇਮ ਤੇ ਭਗਤੀ ਆਦਿ ਧਾਰਮਿਕ ਭਾਵਾਂ ਦੇ ਸਾਹਮਣੇ ਆਪਣੇ ਆਪ ਨੂੰ ਖੋਲ ਦੇਣਾ ਹੈ।

**2.4.7 ਨਾਸਤਿਕ ਦਰਸ਼ਨਕਾਰ :**

**2.4.7.1 ਹਿੰਦਗਰ :** ਇਹ ਨਿਤਸ਼ੇ ਤੇ ਹੁਸਰਲ ਦੇ ਦਰਸ਼ਨ ਤੋਂ ਪ੍ਰਭਾਵਿਤ ਸੀ। ਨੀਤਸ਼ੇ ਹਰੇਕ ਮਨੁੱਖ ਦੇ ਇਕ ਅਸਤਿਤਵ ਦਾ ਭਾਵ ਦੇਖਦਾ ਹੈ ਤੇ ਉਸ ਵਿਚ ਅਤਿਮਾਨਵ ਦੇ ਬੀਜ ਢੂੰਡਦਾ ਹੈ। ਉਹ ਨਾਸਤਿਕ ਹੈ ਤੇ ਕਹਿੰਦਾ ਹੈ ਕਿ ਈਸ਼ਵਰ ਮਰ ਚੁੱਕਿਆ ਹੈ। ਪ੍ਰਾਚੀਨ ਮੁੱਲ ਨਸ਼ਟ ਹੋ ਗਏ ਹਨ ਅਤੇ ਨਵੇਂ ਮੁੱਲ ਅਜੇ ਬਣੇ ਨਹੀਂ ਹਨ। ਇਹ ਨਵੀਨ ਮੁੱਲ ਦੀ ਰਚਨਾ ਕਰਦਾ ਹੈ। ਚੇਤਨਾ ਦਾ ਦਾਰਸ਼ਨਿਕ ਵਿਸ਼ਲੇਸ਼ਣ ਕਰਨਾ ਮਹਤੱਵਪੂਰਨ ਸਮਝਿਆ। ਉਸਦੇ ਲਈ ਸੰਘਟਨਾਵਾਂ ਮਨੁੱਖ ਦੀ ਚੇਤਨਾ ਦੀਆ ਪਰਤਾਂ ਹਨ ਜਿਨ੍ਹਾਂ ਦੇ ਪਿੱਛੇ ਸ਼ੁੱਧ ਚੇਤਨਾ ਮੌਜੂਦ ਹੈ। ਅੰਤਰਦ੍ਰਿਸ਼ਟੀ ਦੁਆਰਾ ਉਸ ਸ਼ੁੱਧ ਚੇਤਨਾ ਦੇ ਅਸਤਿਤਵ ਨੂੰ ਜਾਣਿਆ ਜਾਂਦਾ ਹੈ।

ਹਿੰਦਗਰ ਦੇ ਲਈ ਮੁੱਖ ਪ੍ਰਸ਼ਨ ਇਹ ਹੈ ਕਿ ''ਮੈਂ ਹਾਂ'' ਦਾ ਕੀ ਭਾਵ ਹੈ? ਮਨੁੱਖ ਨੂੰ ਉਸਦੀ ਇੱਛਾ ਦੇ ਬਿਨਾਂ ਇਸ ਜਗਤ ਵਿੱਚ ਲਿਆਂਦਾ ਹੈ। ਉਹ ਜਨਮ ਦੀ ਖਾਈ ਤੋਂ ਨਿਕਲ ਕੇ ਆਉਂਦਾ ਹੈ ਅਤੇ ਮੌਤ ਦੇ ਗ੍ਰਾਸ ਦਾ ਸਾਹਮਣਾ ਕਰਦਾ ਹੈ। ਸ਼ੁਨਯਭਾਵ ਨੂੰ ਵੇਖ ਕੇ ਉਹ ਵਿਆਕੁਲ ਹੈ। ਇਹ ਵਿਆਕੁਲਤਾ ਉਸਨੂੰ ਮਜ਼ਬੂਰ ਕਰਦੀ ਹੈ ਕਿ ਉਹ ਆਪਣੇ ਵਾਸਤਵਿਕ ਅਸਤਿਤਵ ਨੂੰ ਲੱਭੇ। ਇਸ ਸੰਬੰਧ ਵਿੱਚ ਉਹ ਆਪਣੀ ਅਸੁਰੱਖਿਆ, ਕਮਜ਼ੋਰੀ, ਅਨਿਤਤਾ, ਡਰ, ਅਪਰਾਧ, ਭਾਵਨਾ, ਮੌਤ ਆਦਿ ਭਾਵਾਂ ਨੂੰ ਮਹਿਸੂਸ ਕਰਦਾ ਹੈ। ਹਿੰਦਗਰ ਆਧੁਨਿਕ ਮਾਨਵ ਦੀ ਆਲੋਚਨਾ ਕਰਦਾ ਹੈ ਕਿਉਂਕਿ ਉਸਦਾ ਜੀਵਨ ਨਿਰਾਧਰ, ਵਿਅਰਥ, ਬਾਹਰੀ, ਬਨਾਵਟੀ ਤੇ ਉਪਰੀ ਬਣ ਚੁਕਿਆ ਹੈ ਵਾਸਤਵ ਵਿੱਚ ਉਹ ਜ਼ਿੰਦਾ ਨਹੀਂ।

**(2) ਜਾਸਪਰ :** ਜਾਸਪਰ ਵਿਗਿਆਨਿਕ ਤੇ ਪ੍ਰੱਤਭਾਵ ਦਾ ਖੰਡਨ ਕਰਦਾ ਹੈ, ਕਿਉਂਕਿ ਇਹ ਕੋਰਾ ਗਿਆਨ ਪ੍ਰਦਾਨ ਕਰਦੇ ਹਨ, ਜਦਕਿ ਜੋ ਕੁਝ ਮਹੱਤਵਪੂਰਨ ਹੈ ਉਹ ਹੈ ਜੀਵਨ। ਉਤਮ ਜੀਵਨ ਅਨੁਭੂਤੀ, ਨਿਸ਼ਚਾ ਤੇ ਕੰਮ ਦੇ ਬਿਨਾਂ ਨਹੀਂ ਹੋ ਸਕਦਾ। ਮਾਨਵ ਪ੍ਰਕ੍ਰਿਤੀ ਵਿੱਚ ਰਹਿੰਦਾ ਹੈ, ਪਰ ਉਹ ਵਾਸਤਵ ਵਿੱਚ ਪ੍ਰਕ੍ਰਿਤੀ ਤੋਂ ਦੂਰ ਹੈ, ਪਰ ਪ੍ਰਕ੍ਰਿਤੀ ਤੇ ਸਮਾਜ ਦੁਆਰਾ ਇਹ ਵਿਕਾਸ ਕਰਦਾ ਹੈ ਇਸ ਤੋਂ ਉਹ ਆਪਣਾ ਜੀਵਨ ਉਤਮ ਬਣਾਉਂਦਾ ਹੈ।

**(3) ਜੀਨ ਪਾਲ ਸਾਰਤਰ :** ਮਨੁੱਖੀ ਸੰਕਟ ਦਾ ਭੇਦ ਤੇ ਅੰਤਰਿਕ ਅਸਤਿਤਵ ਦਾ ਅਨੁਭਵ ਕਾਮੂ, ਸਾਰਤਰੇ, ਹੇਮਿੰਗਵੇ ਅਤੇ ਟੀ. ਐਸ. ਏਲਿਅਟ ਦੇ ਸਾਹਿਤ ਵਿੱਚ ਅਭਿਵਿਅਕਤੀ ਨੂੰ ਪ੍ਰਾਪਤ ਹੋਇਆ ਹੈ। ਉਸਦੀ ਮਹਾਨ ਰਚਨਾ "Being and Nothingness" ਇਸਦਾ ਵਿਧੀਪੂਰਵਕ ਦਰਸ਼ਨ ਹੈ। ਸਾਰਤਰ ਕਹਿੰਦਾ ਹੈ ਕਿ ਕੇਵਲ ਅਸਤਿਤਵਵਾਦ ਹੀ ਮਨੁੱਖੀ ਜੀਵਨ ਨੂੰ ਸੰਭਵ ਬਣਾਉਂਦਾ ਹੈ। ਉਸਦੇ ਅਨੁਸਾਰ ਮਨੁੱਖੀ ਅਸਤਿਤਵ ਕੇਵਲ ਮਾਤਰ ਵਿਸ਼ਾ ਹੈ, ਜਿਸਨੂੰ ਸਾਨੂੰ ਪਹਿਚਾਨਣਾ ਚਾਹੀਦਾ ਹੈ। ਵਸਤੂਆਂ ਦਾ ਸਰੂਪ ਵੱਖ ਹੁੰਦਾ ਹੈ, ਅਸਤਿਤਵ ਕੇਵਲ ਮਾਤਰ ਵਿਸ਼ਾ ਹੈ, ਜਿਸਨੂੰ ਸਾਨੂੰ ਪਹਿਚਾਨਣਾ ਚਾਹੀਦਾ ਹੈ। ਵਸਤੂਆਂ ਦਾ ਸਰੂਪ ਵੱਖ ਹੁੰਦਾ ਹੈ, ਅਸਤਿਤਵ ਤਾ ਸਰੂਪ ਤੋਂ ਪਹਿਲਾਂ ਆਉਂਦਾ ਹੈ। ਸਭ ਤੋਂ ਵੱਡਾ ਸੱਚ ਇਹ ਹੈ ਕਿ ਮਾਨਵ ਹੈ। ਉਹ ਹੈ, ਉਂਝ ਨਹੀਂ ਜਿਵੇਂ ਉਹ ਆਪਣੇ ਬਾਰੇ ਸੋਚਦਾ ਹੈ। ਸਗੋਂ ਜਿਵੇਂ ਉਹ ਨਿਸ਼ਚੇ ਕਰਦਾ ਹੈ ਤੇ ਕੰਮ ਕਰਦਾ ਹੈ ਆਦਰਸ਼ ਅਤੇ ਮੁੱਖ ਨੂੰ ਵੀ ਉਹ ਆਪ ਬਣਾਉਂਦਾ ਹੈ ਮਾਨਵ ਦਾ ਵਿਸ਼ਾ ਨਿਰਰਥਕ, ਬੇਹੁਦਾ ਅਤੇ ਦੁਖਾਂਤ ਹੈ, ਪਰ ਉਹ ਆਪਣੇ ਰਚਨਾਤਮਕ ਕੰਮ ਨਾਲ ਆਪਣੇ ਜੀਵਨ ਨੂੰ ਮੁੱਲਵਾਨ ਬਣਾ ਸਕਦਾ ਹੈ। ਮਾਨਵ ਜੀਵਨ ਵਿੱਚ ਇਕਲਾ ਹੈ। ਇਸ ਲਈ ਉਸਨੂੰ ਡਰ ਤੇ ਸੰਤਾਪ ਅਨੁਭਵ ਹੁੰਦਾ ਹੈ, ਮੌਤ ਦੇ ਸੂਨਯ ਉਸਦੇ ਸਾਹਮਣੇ ਖੜੇ ਹਨ। ਕੁਝ ਲੋਕ ਆਪਣੇ ਭਾਰ ਨੂੰ ਸਮਾਜ, ਈਸ਼ਵਰ ਤੇ ਸਰਕਾਰ ਨੂੰ ਛੱਡ ਕੇ ਆਪ ਨੂੰ ਹਲਕਾ ਮਹਿਸੂਸ ਕਰਦੇ ਹਨ ਪਰ ਇਹ ਗਲਤ ਮਾਰਗ ਹੈ ਕਿਉਂਕਿ ਵਾਸਤਵ ਵਿੱਚ ਮਾਨਵ ਸਤੰਤਰ ਹੈ ਅਤੇ

ਉਹ ਆਪ ਜ਼ਿੰਮੇਵਾਰ ਹੈ। ਹਰੇਕ ਸਥਿਤੀ ਵਿੱਚ ਵਿਅਕਤੀ ਨੂੰ ਚੁਣਾਵ ਦੀ ਸੁਤੰਤਰਤਾ ਪ੍ਰਾਪਤ ਹੈ।

**2.4.8 ਆਲੋਚਨਾ :**

ਅਸਤਿਤਵਵਾਦ ਦੇ ਦਾਰਸ਼ਨਿਕ ਸਿਧਾਂਤਾਂ ਨਾਲ ਕੁਝ ਕਮਜ਼ੋਰੀਆਂ ਹਨ ਜਿਨ੍ਹਾਂ ਦੇ ਅਧਾਰ ਤੇ ਇਸਦੀ ਆਲੋਚਨਾ ਕੀਤੀ ਜਾਂਦੀ ਹੈ। ਇਹ ਆਲੋਚਨਾ ਆਮ ਤੌਰ ਤੇ ਦਰਸ਼ਨ ਦੇ ਸਾਰੇ ਖੇਤਰਾਂ ਵੱਲ ਹੁੰਦੀ ਹੈ।

**(1)** **ਅੰਤਰਦ੍ਰਿਸ਼ਟੀ ਤੇ ਕਾਫੀ ਭਰੋਸਾ :** ਗਿਆਨ ਮੀਮਾਂਸਾ ਦੇ ਖੇਤਰ ਵਿੱਚ ਅਸਤਿਤਵਵਾਦੀ ਇਕ ਹੋਰ ਇੰਦਰੀ ਅਨੁਭਵ ਦੀ ਅਤੇ ਦੂਜੇ ਪਾਸੇ ਤਰਕਰਾਤ ਅਨੁਭਵ ਦੀ ਆਲੋਚਨਾ ਕਰਦੇ ਹਨ, ਪਰ ਇਹ ਦੋਵੇਂ ਮਾਨਵ ਦੇ ਗਿਆਨ ਦੇ ਸੋਮੇ ਹਨ ਅਤੇ ਇਸਦਾ ਖੰਡਨ ਕਰਨਾ ਗਿਆਨ ਦੀ ਜੜ ਕੱਟ ਦੇਣਾ ਹੈ। ਪਰ ਸੱਚਾਈ ਦੇ ਖੇਤਰ ਵਿੱਚ ਵਸਤੂਨਿਸ਼ਠਾ ਜ਼ਰੂਰੀ ਹੈ, ਨਹੀਂ ਤਾਂ ਸਚ ਗਲਤ ਦਾ ਫੈਸਲਾ ਕਿਵੇਂ ਹੋ ਸਕੇਗਾ। ਕੀ ਜਿਸਦੀ ਲਾਠੀ ਉਸਦੀ ਭੈਂਸ ਨਾਲ ਕੰਮ ਚਲੇਗਾ? ਗਿਆਨ ਦੇ ਖੇਤਰ ਵਿੱਚ ਸਭ ਤਰ੍ਹਾਂ ਦੇ ਅਨੁਭਵਾਂ ਤੋਂ ਪ੍ਰਾਪਤ ਤੱਥਾਂ ਨੂੰ ਪ੍ਰਾਪਤ ਕਰਨ ਚਾਹੀਦਾ ਹੈ ਜਿਸ ਵਿੱਚ ਇੰਦਰੀ ਅਨੁਭਵ ਵੀ ਸ਼ਾਮਲ ਹੈ।

**(2)** **ਤਰਕ ਦਾ ਕਾਫੀ ਖੰਡਨ :** ਤਰਕਰਾਤ ਅਨੁਮਾਨ ਦੇ ਵਿਰੁੱਧ ਅਸਤਿਤਵਵਾਦੀਆਂ ਨੂੰ ਇਹ ਮੁਸ਼ਕਲ ਹੈ ਕਿ ਇਹ ਗਿਆਨ ਨੂੰ ਸਧਾਰਨ ਧਾਰਨਾਵਾਂ ਵਿੱਚ ਵਿਅਕਤ ਕਰਦਾ ਹੈ ਜਿਸ ਵਿੱਚ ਵਸਤੂ ਦੀ ਵਿਲੱਖਣਤਾ ਖਤਮ ਹੋ ਜਾਂਦੀ ਹੈ ਪਰ ਇਨ੍ਹਾਂ ਧਾਰਨਾਵਾਂ ਦੇ ਬਿਨਾਂ ਗੁਜ਼ਾਰਾ ਵੀ ਤਾਂ ਨਹੀਂ ਚਲਦਾ। ਜੇਕਰ ਅਸਤਿਤਵਵਾਦੀ ਤਰਕ ਤੇ ਭਾਸ਼ਾ ਦਾ ਵਿਰੋਧ ਕਰਦੇ ਹਨ ਤਾਂ ਫਿਰ ਆਪਣੀ ਪੁਸਤਕਾਂ ਵਿੱਚ ਉਹ ਇਨ੍ਹਾਂ ਦੋਹਾਂ ਦਾ ਸਹਾਰਾ ਕਿਉਂ ਲੈਂਦੇ ਹਨ ਜੇਕਰ ਉਹ ਇਨ੍ਹਾਂ ਨੂੰ ਜ਼ਰੂਰੀ ਸਮਝਦੇ ਹਨ ਤਾਂ ਇਨ੍ਹਾਂ ਦੀ ਆਲੋਚਨਾ ਕਿਉਂ ਕਰਦੇ ਹਨ।

**(3)** **ਵਿਗਿਆਨ ਤੇ ਤਕਨੀਕੀ ਦਾ ਗਲਤ ਖੰਡਨ :** ਵਿਗਿਆਨ ਤੇ ਤਕਨੀਕੀ ਦੀ ਆਲੋਚਨਾ ਅੱਜ ਦੇ ਯੁੱਗ ਵਿੱਚ ਆਪਣੇ ਆਪ ਵਿੱਚ ਬੇਹੁਦਾ ਲੱਗਦੀ ਹੈ ਸੰਦੇਹ ਨਹੀਂ ਕਿ ਵਿਗਿਆਨ ਦੀ ਵਸਤੂਨਿਸ਼ਠ ਵਿਧੀ ਕੁਝ ਦੋਸ਼ਪੂਰਣ ਹੈ ਤੇ ਵਿਗਿਆਨਕ ਉੱਨਤੀ ਦੇ ਕਾਰਣ ਮਸ਼ੀਨ ਦਾ ਯੁੱਧ ਆਇਆ ਹੈ, ਪਰ ਦੂਜੇ ਪਾਸੇ ਵਿਗਿਆਨ ਮਨੁੱਖ ਦੇ ਕੰਮ ਆਇਆ ਹੈ ਉਸਨੇ ਉਸਦੀ ਦਸ਼ਾ ਨੂੰ ਸੁਧਾਰਿਆ ਹੈ ਉਸਦੇ ਭਾਰ ਨੂੰ ਹਲਕਾ ਕੀਤਾ ਹੈ।

**(4)** **ਦੂਜੇ ਵਿਅਕਤੀਆਂ ਦਾ ਅਸਤਿਤਵ :** ਵਾਸਤਵਿਕਤਾ ਦੇ ਬਾਰੇ ਵਿੱਚ ਅਸਤਿਤਵਵਾਦੀ ਇਹ ਪ੍ਰਮਾਣਿਤ ਕਰਦੇ ਹਨ ਕਿ ਵਿਅਕਤੀ ਦਾ ਨਿਤਾਂਤ ਆਤਮਨਿਸ਼ਠ ਭੀ ਕੇਵਲ ਮਾਤਰ ਵਾਸਤਵਿਕਤਾ ਹੈ, ਪਰ ਵਿਅਕਤੀ ਦੇ ਇਲਾਵਾ ਨਾ ਕੇਵਲ ਬਾਹਰੀ ਜਗਤ ਹੈ, ਸਗੋਂ ਦੂਜੇ ਵਿਅਕਤੀ ਵੀ ਹਨ। ਜਗਤ ਦੀ ਵਾਸਤਵਿਕਤਾ ਨੂੰ ਵਿਅਕਤੀ ਦੇ ਲਈ ਖਤਮ ਤਾ ਨਹੀਂ ਕੀਤਾ ਜਾ ਸਕਦਾ। ਅਨੰਤ ਜਗਤ ਦੇ ਪਰਿਵੇਸ਼ ਵਿਚ ਰਹਿ ਕੇ ਹੀ ਵਿਅਕਤੀ ਆਪਣੇ ਵਿਅਕਤਿਤਵ ਦਾ ਵਿਕਾਸ ਕਰਦਾ ਹੈ, ਇਸ ਲਈ ਉਸਦੀ ਵਾਸਤਵਿਕਤਾ ਮੰਨਣੀ ਜ਼ਰੂਰੀ ਹੈ। ਦੂਜੇ ਵਿਅਕਤੀਆਂ ਦਾ ਅਸਤਿਤਵ ਵੀ ਹੈ, ਇਸ ਤਰ੍ਹਾਂ ਅਨੇਕ ਵਾਸਤਵਿਕਤਾਵਾਂ ਬਣਦੀਆਂ ਹਨ।

**(5)** **ਈਸ਼ਵਰ ਦੀ ਸੱਤਾ ਦੇ ਬਾਰੇ ਅਨਿਸ਼ਚਤਾ :** ਅਸਤਿਤਵਵਾਦੀ ਈਸ਼ਵਰ ਦੀ ਸੱਤਾ ਦੇ ਬਾਰੇ ਵਿੱਚ ਆਪਣਾ ਮਤ ਨਿਸ਼ਚਿਤ ਨਹੀਂ ਕਰ ਸਕੇ। ਕੁਝ ਈਸ਼ਵਰ ਦੀ ਸੱਤਾ ਨੂੰ ਪਰਮ ਵਾਸਤਵਿਕਤਾ ਸਿੱਧ ਕਰਦੇ ਹਨ ਤੇ ਦੂਜੇ ਈਸ਼ਵਰ ਨੂੰ ਮਾਨਵ ਦਾ ਘਾਤਕ ਮੰਨਦੇ ਹਨ। ਹੁਣ ਅਜਿਹਾ ਮਤਭੇਦ ਸ਼ਾਇਦ ਮਾਨਣ ਲਈ ਥੋੜ੍ਹਾ ਪਰ ਅਸਤਿਤਵਵਾਦ ਦੇ ਲਈ ਜ਼ਿਆਦਾ ਘਾਤਕ ਹੈ। ਆਸਤਿਕ ਅਸਤਿਤਵਵਾਦੀ ਕਹਿੰਦੇ ਹਨ ਕਿ ਵਿਅਕਤੀਗਤ ਅਸਤਿਤਵਵਾਦ ਈਸ਼ਵਰ ਦੀ ਸੱਤਾ ਦੇ ਬਿਨਾਂ ਅਪੂਰਣ ਹੈ ਤੇ ਇਸ ਲਈ ਇਸ ਲੜਾਈ ਨੂੰ ਪ੍ਰਾਪਤ ਹੁੰਦਾ ਹੈ ਈਸ਼ਵਰ ਦੇ ਨਾਲ ਸੰਪਰਕ ਮਨੁੱਖ ਦੇ ਜੀਵਨ ਨੂੰ ਸਾਰਥਕ ਬਣਾਉਂਦਾ ਹੈ। ਈਸ਼ਵਰ ਦੇ ਬਿਨਾਂ ਮਾਨਵ ਅੱਧਾ ਮਾਨਵ ਹੈ।

### 2.4.9 ਸਿੱਟਾ :

ਇਸ ਵਿੱਚ ਸ਼ੱਕ ਨਹੀਂ ਕਿ ਅਸਤਿਤਵਵਾਦੀ ਦਰਸ਼ਨ ਸਿਰਫ ਕੇਵਲ ਮਾਨਵ ਅਤੇ ਉਸਦੇ ਸੰਕਟ ਨੂੰ ਲੈ ਕੇ ਚਲਦਾ ਹੈ ਤੇ ਜਗਤ ਤੇ ਦੂਜੀਆਂ ਵਸਤੂਆਂ ਦੀ ਉਲੰਘਣਾ ਕਰਦਾ ਹੈ। ਇਸ ਕਾਰਣ ਉਹ ਆਲੋਚਨਾ ਦਾ ਸ਼ਿਕਾਰ ਹੁੰਦਾ ਹੈ ਪਰ ਮਾਨਵ ਦੀ ਦਸ਼ਾ ਤਿੱਖੀ ਦ੍ਰਿਸ਼ਟੀ ਨਾਲ ਵਿਸ਼ਲੇਸ਼ਣ ਕਰਨ ਦਾ ਮਾਣ ਉਨ੍ਹਾਂ ਨੂੰ ਪ੍ਰਾਪਤ ਹੈ। ਅਸਤਿਤਵਵਾਦੀ ਦਰਸ਼ਨ ਨੇ ਮਾਨਵ ਨੂੰ ਰਚਨਾਤਮਕ ਸਿੱਧਾ ਕੀਤਾ ਹੈ। ਸਮਾਜ, ਰਾਜਨੀਤੀ, ਵਿਗਿਆਨ ਮਸ਼ੀਨ ਬਾਹਰੀ ਪਰਿਵੇਸ਼ ਤੋਂ ਪੈਦਾ ਹੋਣ ਵਾਲੇ ਸੰਕਟ ਤੋਂ ਮਾਨਵ ਦੇ ਅਸਤਿਤਵ ਦੀ ਰੱਖਿਆ ਕਰਨ ਲਈ ਚੁਨੋਤੀ ਦਿੱਤੀ ਹੈ। ਅਸਤਿਤਵਵਾਦ ਆਪਣੀਆਂ ਕਮਜ਼ੋਰੀਆਂ ਦੇ ਹੁੰਦੇ ਹੋਏ ਵੀ ਇਹ ਉੱਚ ਮਾਨਵਤਾ ਦੇ ਅਧਿਕ ਅਧਿਆਤਮਕ ਸਭਿਅਤਾ ਨੂੰ ਪੈਦਾ ਕਰਨ ਦਾ ਪ੍ਰੇਰਕ ਹੈ। ਇਸ ਤੋਂ ਇਲਾਵਾ ਅਸਤਿਤਵਵਾਦ ਅਨੁਸਾਰ ਮਨੁੱਖ ਦੇ ਜੀਵਨ ਵਿੱਚ ਪੈਦਾ ਹੋਇਆ ਧਰਮ-ਸੰਕਟ ਉਸਨੂੰ ਆਪਣਾ ਵਾਸਤਵਿਕ ਨਿਜੱਤਣ ਲੱਭਣ ਲਈ ਤਿਆਰ ਕਰਦਾ ਹੈ।

### 2.4.10 ਛੋਟੇ ਪ੍ਰਸ਼ਨ :

1. ਪ੍ਰਮਾਣਿਕ ਅਸਤਿੱਤਵ
2. ਅਪ੍ਰਮਾਣਿਕ ਅਸੱਤਿਤਵ
3. ਈਸ਼ਵਰ ਬਾਰੇ ਵਿਚਾਰ
4. ਸੁਤੰਤਰਤਾ
5. ਅਸਤਿੱਤਵ ਦਾ ਸ਼ਾਬਦਿਕ ਅਰਥ

### ਵੱਡੇ ਪ੍ਰਸ਼ਨ :

1. ਸਾਰਤਰ ਅਨੁਸਾਰ ''ਅਸਤਿੱਤਵ ਸਾਰ ਤੋਂ ਪਹਿਲਾ ਹੁੰਦਾ ਹੈ,'' ਉਪਰ ਚਰਚਾ ਕਰੋ।
2. ਪ੍ਰਮਾਣਿਕ ਅਸਤਿੱਤਵ ਤੋਂ ਤੁਹਾਡਾ ਕੀ ਭਾਵ ਹੈ? ਚਰਚਾ ਕਰੋ।
3. ਨਿਰਣੇ, ਸੁਤੰਤਰਤਾ ਅਤੇ ਜ਼ਿੰਮੇਵਾਰੀ ਉਪਰ ਇਕ ਨਿਬੰਧ ਲਿਖੋ।

### 2.4.11 ਵਧੇਰੇ ਜਾਣਕਾਰੀ ਲਈ ਪਾਠ ਪੁਸਤਕਾਂ ਦੀ ਸੂਚੀ :


1. BARRETI, WILLIAM : Irrational Man : A study in Existentialish Philosophy. New York: Double day, 1958 (Anchor Book, 1962)
2. BLACKHAM, H.J. : Sin Existenialist Thinkers London : Routledgh & Kegan Poul, 1952. (Also Harper Torchbook)
3. COLLINS, JAMES D : The Existentialist : A Critical Study, Chicago : Reghery 1952.
4. HEINE MANN. F.H. : Existentialism and the Modern Predicament. New York. Harper, 1958. (Torchbook ed)

| | | | |
|---|---|---|---|
| 5. | KAUFMANN, WALTER (ed) | : | Existentialism from Dostoeusky to sartre. New York. Meridian 1956. |
| 6. | OLSON, ROBERT G. | : | An Introduction to Existentialism. New York : Dover, 1962. |
| 7. | ILLICH, PAUL. "Existential Philosophy" | : | Journal of the History of Ideas, S (January, 1944) 44-70. |

**ਬੀ.ਏ. ਭਾਗ ਤੀਜਾ** **ਫਿਲਾਸਫੀ**

**ਪਰਚਾ ਏ**

**ਪਾਠ ਨੰ. 2.5** **ਲੇਖਕ : ਪ੍ਰੋ.ਜੀ.ਐਸ. ਸੰਧੂ**

# ਤਾਰਕਿਕ ਪ੍ਰਤੱਖਵਾਦ (Logical Positivism)

**ਬਣਤਰ**

2.5.1 ਜਾਣ ਪਹਿਚਾਣ

2.5.2 ਤਾਰਕਿਕ ਪ੍ਰਤੱਖਵਾਦ ਦੀਆਂ ਪੂਰਣ ਧਰਾਨਾਵਾਂ

2.5.2.1 ਜਾਂਚ ਪੜਤਾਲ ਦਾ ਨਿਯਮ

2.5.2.2 ਤਾਰਕਿਕ ਪ੍ਰਤੱਖਵਾਦੀਆਂ ਅਨੁਸਾਰ ਦੋ ਕਿਸਮ ਦੇ ਤਰਕਵਾਦ

2.5.2.3 ਤੱਤ ਵਿਗਿਆਨ ਦਾ ਨਿਕਾਸ

2.5.2.4 ਭਾਸ਼ਾ ਦਰਸ਼ਨ

2.5.5 ਮੁੱਲਾਂ ਦਾ ਸੰਵੇਗ ਆਤਮਿਕ ਸਿਧਾਂਤ

2.5.6 ਤਾਰਕਿਕ ਪ੍ਰਤੱਖਵਾਦੀ ਆਲੋਚਨਾ

2.5.7 ਸਿੱਟਾ

2.5.8 ਆਪਣੇ ਗਿਆਨ ਦੀ ਪਰਖ ਕਰੋ

## 2.5.1 ਜਾਣ- ਪਹਿਚਾਣ

ਗਿਆਨ ਮੀਮਾਂਸਾ ਦੀ ਮੁੱਖ ਸਮੱਸਿਆ ਗਿਆਨ ਦੇ ਸਰੂਪ, ਸ੍ਰੋਤ ਅਤੇ ਇਸਦੇ ਸੱਚ ਹੋਣ ਦੇ ਪ੍ਰਮਾਣ ਨਾਲ ਹੈ। ਫਿਲਾਸਫ਼ੀ ਦਾ ਮੁੱਖ ਕੰਮ ਠੋਸ ਅਤੇ ਦ੍ਰਿੜ ਗਿਆਨ ਦਾ ਪੈਮਾਨਾ ਤਿਆਰ ਕਰਨਾ ਹੈ ਜੋ ਅੱਗੋਂ ਨਵੇਂ ਗਿਆਨ ਨੂੰ ਪੈਦਾ ਵੀ ਕਰੇ ਅਤੇ ਆਪ ਹਮੇਸ਼ਾ ਸਦੀਵੀ ਰਹੇ। ਇਸ ਮੰਤਵ ਦੀ ਪੂਰਤੀ ਲਈ ਆਸਟਰੀਆ ਦੀ ਰਾਜਧਾਨੀ ਵਿਆਨਾ ਵਿਖੇ ਦੁਨੀਆਂ ਭਰ ਦੇ ਵਿਗਿਆਨੀਆਂ, ਗਣਿਤ-ਸ਼ਾਸ਼ਤਰੀਆਂ, ਵਿਚਾਰਕਾਂ ਅਤੇ ਦਾਰਸ਼ਨਿਕਾਂ ਨੇ ਇਕ ਸਭਾ ਬੁਲਾਈ ਸੀ ਜੋ ਲੰਬੇ ਵਿਚਾਰ-ਵਿਟਾਂਦਰੇ ਤੋਂ ਬਾਅਦ ਇਸ ਸਿੱਟੇ ਬਾਰ-ਬਾਰ ਪਰਖਿਆ ਜਾ ਸਕਦਾ ਹੋਵੇ। ਆਪਣੇ ਇਸ ਅਨੁਭਵਾਤਮਕ ਆਧਾਰ ਕਰਕੇ ਇਸਨੂੰ ਤਾਰਕਿਕ ਪ੍ਰਤੱਖਵਾਦ ਕਿਹਾ ਜਾਣ ਲੱਗਾ। ਇਸਨੂੰ ਤਾਰਕਿਕ ਕਹਿਣ ਦਾ ਕਾਰਨ ਇਹ ਹੈ ਕਿ ਇਹ ਅਨੁਭਵ ਨੂੰ ਕਠੋਰ ਤਰਕ ਉਪਰ ਪਰਖਦਾ ਹੈ। ਵੈਸੇ ਤਾਂ ਤਾਰਕਿਕ ਪ੍ਰਤੱਖਵਾਦ ਬ੍ਰਿਟਿਸ਼ ਅਨੁਭਵਵਾਦ ਦਾ ਹੀ ਵਿਸਥਾਰ ਹੈ। ਅਜਿਹਾ ਵਿਚਾਰ ਜੋਨ ਲਾਕ, ਬਰਕਲੇ ਅਤੇ ਹਿਊਮ ਵਰਗੇ ਅਨੁਭਵਵਾਦੀਆਂ ਨੇ ਪਹਿਲਾਂ ਹੀ ਦੇ ਦਿੱਤਾ ਸੀ ਪਰੰਤੂ ਵਿਕਸਤ ਤਾਰਕਿਕ ਅਤੇ ਵਿਗਿਆਨ ਵਿਚਾਰਾਂ ਕਾਰਨ ਇਸ ਵਿੱਚ ਵੀ ਨਵਾਂ ਵਿਕਾਸ ਹੋਇਆ। ਆਮ ਸ਼ਬਦਾਂ ਵਿੱਚ ਤਾਰਕਿਕ ਪ੍ਰਤੱਖਵਾਦ ਅਨੁਭਵਵਾਦ ਦੀ ਹੀ ਇਕ ਉਚੇਰੀ ਵਿਆਖਿਆ ਹੈ। ਤਾਰਕਿਕ ਪ੍ਰਤੱਖਵਾਦ ਨੂੰ ਵਿਆਨਾ ਸਰਕਲ, ਵਿਗਿਆਨਕ ਅਨੁਭਵਵਾਦ ਅਤੇ 'ਵਿਗਿਆਨ ਲਹਿਰ ਦੀ ਏਕਤਾ' ਵੀ ਕਿਹਾ ਜਾਂਦਾ ਹੈ। ਇਹ ਗਿਆਨ ਮੀਮਾਂਸਕ ਸਿਧਾਂਤ ਤਾਰਕਿਕ ਸਚਾਈ ਦੀ ਪੈਰਵੀ ਕਰਦਾ ਹੈ ਜੋ ਮਨੁੱਖੀ ਗਿਆਨ ਇੰਦਰੀਆਂ ਨੂੰ ਸਹੀ ਅਤੇ ਸ਼ੁਧ ਗਿਆਨ ਦਾ ਸਾਧਨ ਮੰਨਦਾ ਹੈ।

ਤਾਰਕਿਕ ਪ੍ਰਤੱਖਵਾਦ ਅੱਜ ਦੇ ਯੁੱਗ ਵਿਗਿਆਨਕ ਦ੍ਰਿਸ਼ਟੀਕੋਣ ਦਾ ਜਨਮਦਾਤਾ ਮੰਨਿਆ ਜਾਂਦਾ ਹੈ। 19ਵੀਂ ਸਦੀ ਤੱਕ ਮਨੁੱਖ ਦਾ ਗਿਆਨ ਏਨਾ ਵਿਗਿਆਨਕ ਨਹੀਂ ਸੀ ਪਰ ਤਾਰਕਿਕ ਪ੍ਰਤੱਖਵਾਦੀਆਂ ਨੇ ਆਪਣੇ ਜਾਂਚ ਪੜਤਾਲ ਦੇ ਨਿਯਮ ਰਾਹੀਂ ਲੋਕਾਂ ਦੀ ਤੱਥਾਤਮਕ ਗਿਆਨ ਵਿੱਚ ਰੁੱਚੀ ਵਧਾਈ ਹੈ। ਤਾਰਕਿਕ ਪ੍ਰਤੱਖਵਾਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ Logical Positivism ਦਾ ਪੰਜਾਬੀ ਅਨੁਵਾਦ ਹੈ।Logical ਤੋਂ ਭਾਵ ਸੰਪੂਰਨ, ਅਨੁਮਾਣਿਤ, ਸੱਚਾ, ਤੱਥਾਤਮਕ ਅਤੇ ਅਵਿਰੋਧੀ ਹੈ। Positivism ਦਾ ਅਰਥ ਸ਼ਕ ਰਹਿਤ, ਸਾਫ ਅਤੇ ਯਕੀਨੀ ਹੈ। ਅਨੁਭਵਵਾਦ ਦੀ ਤਰ੍ਹਾਂ ਇਹ ਤਰਕ ਸ਼ਾਸ਼ਤਰ ਦੀ ਅਨੁਮਾਨ ਦੀ ਆਗਮਨਾਤਮਕ ਪ੍ਰਕਿਆ ਨੂੰ ਮੰਨਕੇ ਚੱਲਦਾ ਹੈ ਅਤੇ ਗਿਆਨ ਨੂੰ ਬਾਹਰੀ ਮੰਨਦਾ ਹੈ। ਇਹ ਹਰੇਕ ਸਚਾਈ ਨੂੰ ਕੇਵਲ ਪਦਾਰਥਿਕ ਸੱਚ ਦੇ ਰੂਪ ਵਿੱਚ ਹੀ ਸਵੀਕਾਰ ਕਰਦਾ ਹੈ। ਤਾਰਕਿਕ ਪ੍ਰਤੱਖਵਾਦ ਦੇ ਮੁੱਖ ਪੈਰੋਕਾਰ ਮੋਰਟਿਜ਼ ਸ਼ਲਿਕ, ਏ. ਜੇ. ਏਅਰ, ਬਰਟਰੈਂਡ ਰਸਲ, ਕਾਰਨੱਪ ਸਨ ਜਦੋਂ ਕਿ ਵਿੱਟਗੇਨਸਟਾਈਨ ਇਸ ਸਭਾ ਦਾ ਬਾਹਰੀ ਯੋਗਦਾਨੀ ਸੀ ਇਹਨਾਂ ਨੇ ਹਰੇਕ ਵਿਸ਼ੇ ਦੇ ਤਰਕ ਵਾਕ ਨੂੰ ਵਿਗਿਆਨਕ ਮੰਨਣ ਲਈ ਇਕ ਕਸੌਟੀ ਬਣਾਈ ਜਿਸਨੂੰ ਇਹ ਜਾਂਚ-ਪੜਤਾਲ ਦਾ ਨਿਯਮ (Principle of Verification) ਕਹਿੰਦੇ ਹਨ। ਇਸ ਕਸੌਟੀ ਦਾ ਇਕ ਸਥਨ ਹੈ ਕਿ ਹਰੇਕ ਤਰਕਵਾਦ ਦਾ ਅਰਥ ਉਸਦੀ ਜਾਂਚ ਪੜਤਾਲ ਦੀ ਵਿਧੀ ਵਿੱਚ ਹੀ ਸ਼ਾਮਿਲ ਹੈ।

### 2.5.2 ਤਾਰਕਿਕ ਪ੍ਰਤੱਖਵਾਦ ਦੀਆਂ ਪੂਰਵ-ਧਾਰਨਾਵਾਂ

ਹਰੇਕ ਸਿਧਾਂਤ ਅਤੇ ਵਿਚਾਰਧਾਰਾ ਕੁਝ ਪੂਰਵ-ਧਾਰਨਾਵਾਂ ਉੱਤੇ ਆਧਾਰਿਤ ਹੁੰਦੀ ਹੈ। ਇਹਨਾਂ ਧਾਰਨਾਵਾਂ ਨੂੰ ਆਧਾਰ ਬਣਾਕੇ ਉਹ ਸਿਧਾਂਤ ਅੱਗੇ ਵੱਧਦਾ ਹੈ। ਤਾਰਕਿਕ ਪ੍ਰਤੱਖਵਾਦ ਦੀਆਂ ਹੇਠ ਲਿਖੀਆਂ ਪੂਰਵ-ਧਾਰਨਾਵਾਂ ਹਨ :-

1. ਜਾਂਚ ਪੜਤਾਲ ਦਾ ਨਿਯਮ
2. ਵਿਸ਼ਲੇਸ਼ਣਾਮਕ ਵਿਧੀ
3. ਤੱਤ-ਵਿਗਿਆਨ ਦਾ ਨਿਕਾਸ
4. ਭਾਸ਼ਾ-ਦਰਸ਼ਨ
5. ਮੁੱਲਾਂ ਦਾ ਸੰਵੇਗਾਤਮਕ ਸਿਧਾਂਤ

**2.5.2.1 ਜਾਂਚ-ਪੜਤਾਲ ਦਾ ਨਿਯਮ (Principle of Verification) :** ਜਾਂਚ ਪੜਤਾਲ ਦਾ ਨਿਯਮ ਤਾਰਕਿਕ ਪ੍ਰਤੱਖਵਾਦੀਆਂ ਦੀਆਂ ਪੂਰਵ-ਧਾਰਨਾਵਾਂ ਵਿਚੋਂ ਪ੍ਰਮੁੱਖ ਹੈ ਅਤੇ ਇਸ ਵਿਚਾਰਧਾਰਾ ਦਾ ਆਧਾਰ ਹੈ। ਇਸ ਸਿਧਾਂਤ ਬਾਰੇ ਏ. ਜੇ. ਏਅਰ ਨੇ ਆਪਣੀ ਪੁਸਤਕ Language, Truth and Logic ਵਿੱਚ ਅਤੇ ਵਿਟਗੇਨਸਟਾਈਨ ਨੇ ਆਪਣੀ ਪੁਸਤਕ Tractatus Logico-Philosophicus ਵਿੱਚ ਵਿਸਥਾਰਪੂਰਵਕ ਜ਼ਿਕਰ ਕੀਤਾ ਹੈ। ਇਸ ਸਿਧਾਂਤ ਅਨੁਸਾਰ ਜਿਸ ਤਰਕ ਵਾਦ ਦੀ ਜਾਂਚ ਪੜਤਾਲ ਨਹੀਂ ਹੋ ਸਕਦੀ, ਉਹ ਅਰਥਹੀਣ ਹੈ ਅਤੇ ਉਹ ਗਿਆਨ ਵਿੱਚ ਕਿਸੇ ਪ੍ਰਕਾਰ ਦਾ ਵਾਧਾ ਨਹੀਂ ਕਰਦਾ। ਅਜਿਹੇ ਤਰਕ ਵਾਕਾਂ ਨੂੰ ਬਾਂਝ-ਤਰਕ ਵਾਦ (Pseudo Propositios) ਕਿਹਾ ਜਾਂਦਾ ਹੈ। ਕੋਈ ਵੀ ਕਥਨ ਤਦ ਸੱਚਾ ਹੈ ਜੇਕਰ ਜਾਂਚ-ਪੜਤਾਲ ਯੋਗ ਹੈ, ਨਹੀਂ ਤਾਂ ਝੂਠਾ। ਏ. ਜੇ. ਏਅਰ ਅਨੁਸਾਰ ਸਾਰੇ ਕਥਨ ਤਿੰਨ ਕਿਸਮਾਂ ਦੇ ਹੁੰਦੇ ਹਨ :-

1. **ਪਦਾਰਥਿਕ ਕਥਨ :** ਉਹ ਕਥਨ ਜੋ ਪੂਰੀ ਤਰ੍ਹਾਂ ਤੱਥਾਂ ਉਪਰ ਆਧਾਰਤਿ ਹੋਣ ਜਿਵੇਂ ਪਾਣੀ ਦੋ ਹਾਇਡ੍ਰੋਜਨ ਅਤੇ ਇਕ ਆਕਜੀਜਨ ਤੱਤ ($H_2O$) ਦਾ ਮਿਸ਼ਰਣ ਹੁੰਦਾ ਹੈ।
2. **ਸੰਭਾਵਿਤ ਕਥਨ :** ਉਹ ਕਥਨ, ਜਿਹਨਾਂ ਦੀ ਸਚਾਈ ਪ੍ਰਤੱਖ ਤੌਰ ਤੇ ਜਾਂਚੀ ਨਹੀਂ ਜਾ ਸਕਦੀ ਪਰੰਤੂ ਸਿਧਾਂਤਕ ਤੌਰ ਤੇ ਜੋ ਭਵਿੱਖ ਵਿਚ ਸਾਬਿਤ ਹੋਣਯੋਗ ਹੁੰਦੇ ਹਨ।

3. **ਅਸੰਭਾਵਿਤ ਕਥਨ :** ਅਜਿਹੇ ਕਥਨ ਜੋ ਅਮੂਰਤ ਵਿਸ਼ੇ ਬਾਰੇ ਹੋਣ ਜਿਵੇਂ ਮਨੁੱਖਤਾ, ਆਤਮਾ, ਬਚਪਨ, ਪਰਮਾਤਮਾ ਆਦਿ ਜੋ ਕਦੇ ਵੀ ਜਾਂਚ ਪੜਤਾਲਯੋਗ ਨਹੀਂ ਹੁੰਦੇ ਹਨ

ਤਾਰਕਿਕ ਪ੍ਰਤੱਖਵਾਦ ਪਹਿਲੇ ਦੋ ਕਿਸਮਾਂ ਦੇ ਕਥਨਾਂ ਨੂੰ ਮਾਨਤਾ ਦਿੰਦਾ ਹੈ।

ਏ. ਜੇ. ਏਅਰ ਤਰਕਵਾਕਾਂ ਦੀ ਸਚਾਈ ਵੇਖਣ ਲਈ ਉਹਨਾਂ ਵਿੱਚ ਪਹਿਲਾਂ ਅੰਤਰ ਕਰਦਾ ਹੈ। ਉਹ ਤਰਕਵਾਕਾਂ ਨੂੰ ਦੋ ਭਾਗਾਂ ਵਿੱਚ ਵੰਡਦਾ ਹੈ :-

(i) **ਅਰਥਪੂਰਣ ਤਰਕ ਵਾਕ :** ਅਜਿਹੇ ਤਰਕ ਵਾਦ ਅਰਥਪੂਰਣ ਹੁੰਦੇ ਹਨ ਜੋ ਜਾਂਚ ਪੜਤਾਲਯੋਗ ਹੁੰਦੇ ਹਨ ਅਤੇ ਸਾਨੂੰ ਗਿਆਨ ਦਿੰਦੇ ਹਨ। ਜੇਕਰ ਅਜਿਹਾ ਸੰਭਵ ਨਹੀਂ ਤਾ ਉਹ ਤਰਕ ਵਾਦ ਅਰਥਹੀਣ ਹੁੰਦੇ ਹਨ ਜਿਵੇਂ ਇਹ ਫੁੱਲ ਨੀਲਾ ਹੈ।

(ii) **ਅਰਥਹੀਣ ਤਰਕ ਵਾਦ :** ਅਜਿਹੇ ਕਥਨ ਜਿਹਨਾਂ ਦੀ ਕਦੇ ਵੀ ਕਿਸੇ ਵੀ ਸਥਿਤੀ ਵਿੱਚ ਜਾਂਚ ਪੜਤਾਲ ਨਾ ਹੋ ਸਕੇ, ਅਰਥਹੀਣ ਤਰਕ ਵਾਕ ਹੁੰਦੇ ਹਨ ਜਿਵੇਂ ਇਹ ਫੁੱਲ ਸੁੰਦਰ ਹੈ।

ਏ. ਜੇ. ਏਅਰ ਅਨੁਸਾਰ ਹਰ ਅਰਥਪੂਰਣ ਤਰਕ ਵਾਕ ਵਿੱਚ ਦੋ ਪ੍ਰਕਾਰ ਦੀ ਜਾਂਚ ਪੜਤਾਲ ਯੋਗਤਾ ਹੋ ਸਕਦੀ ਹੈ :-

(i) ਮਜ਼ਬੂਤ ਜਾਂਚ-ਪੜਤਾਲ ਯੋਗਤਾ

(ii) ਕਮਜ਼ੋਰ ਜਾਂਚ-ਪੜਤਾਲ ਯੋਗਤਾ

ਉਹ ਤਰਕ ਵਾਕ ਮਜ਼ਬੂਤ ਜਾਂਚ-ਪੜਤਾਲ ਯੋਗਤਾ ਰੱਖਦਾ ਹੈ ਜਿਸਨੂੰ ਇਸੇ ਅਤੇ ਇਸੇ ਸਥਾਨ ਤੇ ਪਰਖਿਆ ਜਾ ਸਕਦਾ ਹੋਵੇ ਭਾਵ ਉਹ ਹਰ ਸਮੇਂ ਅਰਥ ਪ੍ਰਗਟ ਕਰਨ ਦੇ ਯੋਗ ਹੋਵੇ ਜਿਵੇਂ ''ਧਰਤੀ ਵਿੱਚ ਗੁਰੂਤਾ ਦੀ ਸ਼ਕਤੀ ਹੈ। ਹਰ ਵਸਤੂ ਉਪਰ ਸੁੱਟਣ ਤੇ ਧਰਤੀ ਵੱਲ ਡਿਗੇਗੀ''। ਇਸ ਤਰਕ ਵਾਕ ਦਾ ਅਰਥ ਵਧੇਰੇ ਸਪੱਸ਼ਟ ਹੈ ਅਤੇ ਇਸਨੂੰ ਇਸੇ ਸਮੇਂ ਪਰਖਿਆ ਜਾ ਸਕਦਾ ਹੈ ਜੇਕਰ ਕੋਈ ਤਰਕ ਵਾਦ ਜਿਵੇਂ ''ਮੰਗਲ ਗ੍ਰਹਿ ਉੱਤੇ ਵੀ ਜੀਵਨ ਹੈ,'' ਇਸ ਸਮੇਂ ਪਰਖਯੋਗ ਨਹੀਂ ਪਰ ਭਵਿੱਖ ਵਿੱਚ ਜੋ ਕੋਈ ਰਾਕਟ ਸਾਨੂੰ ਉਥੇ ਪਹੁੰਚਾ ਦੇਂਦਾ ਹੈ ਤਾਂ ਅਸੀਂ ਜ਼ਰੂਰ ਪਰਖ ਸਕਾਂਗੇ ਕਿ ਉਥੇ ਜੀਵਨ ਹੈ ਜਾਂ ਨਹੀਂ। ਇਸ ਲਈ ਇਸ ਤਰਕ ਵਾਕ ਦੀ ਅਰਥ ਯੋਗਤਾ ਕਮਜ਼ੋਰ ਹੈ ਬੇਸ਼ਕ ਭਵਿੱਖ ਵਿੱਚ ਇਹ ਤਰਕ ਵਾਕ ਮਜ਼ਬੂਤ ਅਰਥ ਯੋਗਤਾ ਰੱਖ ਸਕੇਗਾ। ਤਾਰਕਿਕ ਪ੍ਰਤੱਖਵਾਦੀਆਂ ਅਨੁਸਾਰ ਉਪਰਲੇ ਦੋਹਾਂ ਕਿਸਮਾਂ ਦੇ ਤਰਕ ਵਾਕ ਮਹੱਤਵਪੂਰਨ ਹੁੰਦੇ ਹਨ ਪਰੰਤੂ ਉਹ ਤਰਕ ਵਾਕ ਜਿਹਨਾਂ ਦੀ ਜਾਂਚ ਪੜਤਾਲ ਕਦੇ ਵੀ ਨਹੀਂ ਹੋ ਸਕਦੀ, ਅਰਥਹੀਣ ਤਰਕ ਵਾਕ ਹੁੰਦੇ ਹਨ।

**2.5.2.2 ਵਿਸ਼ਲੇਸ਼ਣਾਤਮਕ ਵਿਧੀ :** ਵਿਸ਼ਲੇਸ਼ਣ ਦੀ ਵਿਧੀ ਵਿੱਚ ਹਰ ਵਿਚਾਰ, ਵਸਤੂ ਜਾਂ ਸਮੱਸਿਆ ਨੂੰ ਸਰਲ ਕੀਤਾ ਜਾਂਦਾ ਹੈ ਤਾ ਜੋ ਵੱਖ-ਵੱਖ ਹਿੱਸਿਆਂ ਨੂੰ ਸਮਝ ਕੇ ਕੋਈ ਅਨੁਮਾਨ ਲਗਾਇਆ ਜਾ ਸਕੇ ਪਰੰਤੂ ਇਸਦੇ ਉਲਟ ਸੰਸਲੇਸ਼ਣਾਤਮਕ ਵਿਧੀ ਵਿੱਚ ਹਰ ਵਿਚਾਰ, ਵਸਤੂ ਜਾ ਸਮੱਸਿਆ ਨੂੰ ਸੰਪੂਰਨ ਤੌਰ ਨਾਲ ਅਧਿੱਐਨ ਕੀਤਾ ਜਾਂਦਾ ਹੈ। ਤਾਰਕਿਕ ਪ੍ਰਤੱਖਵਾਦੀ ਵਿਸ਼ਲੇਸ਼ਣ ਦੀ ਵਿਧੀ ਨੂੰ ਅਪਣਾਉਂਦੇ ਹਨ ਕਿਉਂਕਿ ਇਸ ਨਾਲ ਹਰੇਕ ਭਾਗ ਦੀ ਸੰਪੂਰਨ ਜਾਣਕਾਰੀ ਮਿਲਦੀ ਹੈ। ਕਿਸੇ ਘਟਨਾ ਦਾ ਕਾਰਨ ਲੱਭਣ ਲਈ ਉਸ ਨਾਲ ਸੰਬੰਧਿਤ ਤੱਥਾਂ ਨੂੰ ਵੰਡ ਦਿੱਤਾ ਜਾਂਦਾ ਹੈ ਤਾਕਿ ਗੈਰ-ਜ਼ਰੂਰੀ ਤੱਤਾਂ ਨੂੰ ਕੱਢਕੇ ਜ਼ਰੂਰੀ ਤੱਤਾਂ ਨੂੰ ਕੱਢਦੇ ਜ਼ਰੂਰੀ ਤੱਤਾਂ ਨੂੰ ਜਾਣਿਆ ਜਾ ਸਕੇ। ਤਾਰਕਿਕ ਪ੍ਰਤੱਖਵਾਦੀ ਤਰਕ ਵਾਕਾਂ ਨੂੰ ਦੋ ਭਾਗਾਂ ਵਿੱਚ ਵੰਡਦੇ ਹਨ: ਸਰਲ ਅਤੇ ਸੰਯੁਕਤ ਤਰਕ ਵਾਦ। ਇਹ ਵੰਡ ਜਾਨ ਲਾਕ ਦੇ ਵਿਚਾਰਾਂ ਦੀ ਵੰਡ ਵਾਂਗ ਹੈ। ਸਰਲ ਤਰਕ ਵਾਕ ਉਹ ਹੁੰਦੇ ਹਨ ਜੋ ਕੇਵਲ ਇਕ ਹੀ ਤੱਥ ਪ੍ਰਗਟ ਕਰਨ ਅਤੇ ਕੇਵਲ ਇਕ ਹੀ ਗਿਆਨ-ਇੰਦਰੀ ਤੇ ਆਧਾਰਿਤ ਹੋਣ ਜਿਵੇਂ 'ਇਹ ਸਫੈਦ ਹੈ, 'ਇਹ ਮਿੱਠਾ ਹੈ,' 'ਇਹ ਗਰਮ ਹੈ।' ਇਹਨਾਂ ਨੂੰ ਮੌਲਿਕ ਤਰਕ ਵਾਕ ਕਿਹਾ ਜਾਂਦਾ ਹੈ। ਸੰਯੁਕਤ ਤਰਕ ਵਾਕ ਉਹ ਤਰਕ ਵਾਕ ਹੁੰਦੇ ਹਨ ਜੋ ਦੋ ਜਾਂ ਦੋ ਤੋਂ ਵੱਧ ਸਰਲ ਤਰਕ ਵਾਕਾਂ ਨੂੰ ਜੋੜਕੇ ਬਣਦੇ ਹਨ ਅਤੇ ਇਨ੍ਹਾਂ ਵਿਚ ਕਈ ਗਿਆਨ ਇੰਦਰੀਆਂ ਅਤੇ

ਤੱਥ ਸ਼ਾਮਲ ਹੁੰਦੇ ਹਨ। ਸਾਡਾ ਗਿਆਨ ਪ੍ਰਮੁੱਖ ਤੌਰ ਤੇ ਸਰਲ ਤਰਕ ਵਾਕਾਂ ਉਪਰ ਆਧਾਰਿਤ ਹੁੰਦਾ ਹੈ ਜੋ ਬਾਅਦ ਵਿੱਚ ਸੰਯੁਕਤ ਹੁੰਦਾ ਜਾਂਦਾ ਹੈ। ਗਿਆਨ ਵਿੱਚ ਵਾਧਾ ਵੀ ਏਸੇ ਪ੍ਰਕ੍ਰਿਆ ਰਾਹੀਂ ਹੁੰਦਾ ਹੈ।

ਉਹ ਤਰਕ ਵਾਕ ਵਿਸ਼ਲੇਸ਼ਣਾਮਕ ਹੁੰਦੇ ਹਨ ਜਿਹਨਾਂ ਵਿੱਚ ਪੂਰਕ ਉਦੇਸ਼ ਦੀ ਵਿਆਖਿਆ ਕਰਦਾ ਹੈ। ਪੂਰਕ ਪਹਿਲਾਂ ਤੋਂ ਹੀ ਉਦੇਸ਼ ਵਿੱਚ ਸ਼ਾਮਲ ਹੁੰਦਾ ਹੈ, ਸਾਨੂੰ ਕੋਈ ਨਵਾਂ ਗਿਆਨ ਪ੍ਰਦਾਨ ਨਹੀਂ ਕਰਦਾ, ਜਿਵੇਂ ''ਪੰਜਾਬੀ ਪੰਜਾਬ ਦੇ ਵਾਸੀ ਹਨ।'' ਜਾਂ ''ਔਰਤਾਂ ਸਾਦਾ ਹੁੰਦੀਆਂ ਹਨ'' ਜਾਂ ਇਕ ''ਤ੍ਰਿਭੁਜ ਦੀਆਂ ਤਿੰਨ ਭੁਜਾਵਾਂ ਹੁੰਦੀਆਂ ਹਨ।'' ਇਸਦੇ ਉਲਟ ਸ਼ੰਸਲੇਸ਼ਣਾਤਮਕ ਵਾਕ ਉਹ ਹੁੰਦੇ ਹਨ ਜਿਹਨਾਂ ਵਿੱਚ ਪੂਰਕ ਉਦੇਸ਼ ਦੇ ਕਿਸੇ ਹੋਰ ਗੁਣ ਦੀ ਜਾਣਕਾਰੀ ਦਿੰਦਾ ਹੈ ਜਿਵੇਂ 'ਪੰਜਾਬੀ ਮਿਹਨਤੀ ਹਨ'' ਅਤੇ ਔਰਤਾਂ ਸ਼ਹਿਨਸ਼ੀਲਤਾ ਦੀ ਮਿਸਾਲ ਹਨ।'' ਤਾਰਕਿਕ ਪ੍ਰਤੱਖਵਾਦੀਆਂ ਅਨੁਸਾਰ ਵਿਸ਼ਲੇਸ਼ਣਾਤਮਕ ਤਰਕ ਵਾਕਾਂ ਨੂੰ ਜਾਂਚ ਪੜਤਾਲ ਦੀ ਕੋਈ ਲੋੜ ਨਹੀਂ ਹੁੰਦੀ ਕਿਉਂਕਿ ਉਹ ਸ਼ਾਬਦਿਕ ਅਰਥਾਂ ਤੇ ਨਿਰਭਰ ਹਨ, ਕੋਈ ਗਿਆਨ ਪ੍ਰਦਾਨ ਨਹੀਂ ਕਰਦੇ। ਅਜਿਹੇ ਤਰਕ ਵਾਕ ਨਿਗਮਨਾਤਮਕ ਹੁੰਦੇ ਹਨ ਜੋ ਪਰਖੇ ਹੀ ਨਹੀਂ ਜਾ ਸਕਦੇ। ਇਸਦੇ ਉਲਟ ਸ਼ੰਲੇ ਸ਼ਣਾਤਮਕ ਤਰਕ ਵਾਕਾਂ ਦੀ ਜਾਂਚ ਪੜਤਾਲ ਕਰਨੀ ਪੈਂਦੀ ਹੈ। ਇੰਜ ਤਾਰਕਿਕ ਪ੍ਰਤੱਖਵਾਦੀਆਂ ਅਨੁਸਾਰ ਕੇਵਲ ਦੋ ਕਿਸਮਾ ਦੇ ਤਰਕ ਵਾਕ ਹੁੰਦੇ ਹਨ :-

ਪਹਿਲਾ ਵਿਸ਼ਲੇਸ਼ਣਾਤਮਕ ਅਤੇ ਦੂਜਾ ਸੰਸ਼ਲੇਸ਼ਣਾਤਮਕ। ਪਹਿਲੀ ਕਿਸਮ ਦੇ ਤਰਕ ਵਾਕ ਸਵੈ-ਸਿੱਧ, ਸਰਵ-ਵਿਆਪਕ ਅਤੇ ਜ਼ਰੂਰੀ ਹੁੰਦੇ ਹਨ ਜਦੋਂ ਕਿ ਦੂਸਰੀ ਕਿਸਮ ਦੇ ਤਰਕ ਵਾਕਾਂ ਭਾਵ ਸੰਸ਼ਲੇਸ਼ਣਾਤਮਕ ਤਰਕ ਵਾਕਾਂ ਨੂੰ ਜਾਂਚ ਪੜਤਾਲ ਦੀ ਲੋੜ ਹੁੰਦੀ ਹੈ। ਜਰਮਨ ਦਾਰਸ਼ਨਿਕ ਕਾਂਟ, ਜਿਸਨੂੰ ਦਰਸ਼ਨ ਸ਼ਾਸ਼ਤਰ ਦਾ ਦੂਜਾ ਪਿਤਾਮਾ ਕਿਹਾ ਜਾਂਦਾ ਹੈ, ਅਨੁਸਾਰ ਤਰਕ ਵਾਕਾਂ ਦੀ ਇਕ ਹੋਰ ਕਿਸਮ ਵੀ ਹੁੰਦੀ ਹੈ। ਜੋ ਤਰਕ ਵਾਕ ਸੰਸ਼ਲੇਸ਼ਣਾਤਮਕ ਹੋਣ ਦੇ ਨਾਲ-ਨਾਲ ਅਨੁਭਵਾਤੀਤ ਹੁੰਦੇ ਹਨ ਪਰੰਤੂ ਤਾਰਕਿਕ ਪ੍ਰਤੱਖਵਾਦੀ ਕਾਂਟ ਦੀ ਅਜਿਹੀ ਤਰਕ ਵਾਕਾਂ ਦੀ ਕਿਸਮ ਦੀ ਸਖ਼ਤ ਆਲੋਚਨਾ ਕਰਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਜਾਂ ਤਾਂ ਤਰਕ ਵਾਕ ਵਿਸ਼ਲੇਸ਼ਣਾਤਮਕ ਹੁੰਦੇ ਹਨ ਜਾਂ ਫਿਰ ਸ਼ੰਸ਼ਲੇਸ਼ਣਾਤਮਕ। ਕਿਉਂਕਿ ਕੋਈ ਵੀ ਗਿਆਨ-ਵਰਧਕ ਤਰਕ ਵਾਕ ਅਨੁਭਵ ਤੋਂ ਪਹਿਲਾਂ ਹੀ ਸਾਡੇ ਮਨ ਵਿਚ ਨਹੀਂ ਹੋ ਸਕਦਾ।

**2.5.2.3 ਤੱਤ-ਵਿਗਿਆਨ ਦਾ ਨਿਕਾਸ :** ਤਾਰਕਿਕ ਪ੍ਰਤੱਖਵਾਦੀਆਂ ਦੀਆਂ ਉਪਰ ਦੱਸੀਆਂ ਮਾਨਤਾਵਾਂ ਦੇ ਆਧਾਰ ਤੇ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਅਪ੍ਰਤੱਖ ਅਤੇ ਅਮੂਰਤ ਤਰਕ ਵਾਕ ਕੋਈ ਅਰਥ ਨਹੀਂ ਰੱਖਦੇ ਕਿਉਂਕਿ ਇਹਨਾਂ ਦੀ ਜਾਂਚ ਪੜਤਾਲ ਅਸੰਭਵ ਹੈ। ਅਜਿਹੇ ਤਰਕ ਵਾਕ ਦੇਣ ਵਾਲੇ ਵਿਸ਼ਿਆਂ ਨੂੰ ਇਕ ਵਿਸ਼ਾ ਬਣੇ ਰਹਿਣ ਦਾ ਕੋਈ ਹੱਕ ਨਹੀ। ਤੱਤ-ਵਿਗਿਆਨ, ਮੁੱਲ-ਵਿਗਿਆਨ, ਨੀਤੀ ਸ਼ਾਸ਼ਤਰ, ਧਰਮ ਆਦਿ ਕੁਝ ਵਿਸ਼ੇ ਹਨ ਜਿਹਨਾਂ ਨੂੰ ਤਾਰਕਿਕ ਪ੍ਰਤੱਖਵਾਦੀ ਬੇਹੁੱਦਾ ਵਿਸ਼ੇ ਕਹਿੰਦੇ ਹਨ। ਮਿਸਾਲ ਵਜੋਂ ਤੱਤ-ਵਿਗਿਆਨ ਦੇ ਅਜਿਹੇ ਕਥਨ ਜਿਵੇਂ ਪਰਮਾਤਮਾ ਦੀ ਹੋਂਦ, ਆਤਮਾ ਦੀ ਹੋਂਦ, ਦ੍ਰਵ ਦੀ ਹੋਂਦ ਆਦਿ ਨੂੰ ਪੜਤਾਲਿਆ ਨਹੀਂ ਜਾ ਸਕਦਾ। ਇਸ ਲਈ ਦਰਸ਼ਨ ਸ਼ਾਸ਼ਤਰ ਦੇ ਖੇਤਰ ਵਿਚੋਂ ਕੁਝ ਅਜਿਹੇ ਵਿਸ਼ਿਆਂ ਦਾ ਨਿਕਾਸ ਕਰ ਦੇਣਾ ਚਾਹੀਦਾ ਹੈ। ਇਹਨਾ ਤਾਰਕਿਕ ਪ੍ਰਤੱਖਵਾਦੀਆਂ ਤੋਂ ਪਹਿਲਾਂ ਡੇਵਿੱਡ ਹਿਊਮ ਇਕ ਅਜਿਹਾ ਅਨੁਭਵਵਾਦੀ ਸੀ ਜਿਸਨੇ ਸਭ ਤੋਂ ਪਹਿਲਾਂ ਤੱਤ-ਵਿਗਿਆਨ ਨੂੰ ਅਸੰਭਵ ਵਿਗਿਆਨ ਕਿਹਾ ਸੀ। ਵਿਟਗੇਨਸਟਾਈਨ ਵੀ ਆਪਣੀ ਪੁਸਤਕ 'Philosophical Investigation' ਵਿੱਚ ਤੱਤ-ਵਿਗਿਆਨ ਦੀ ਅਸੰਭਵਤਾ ਸਾਬਤ ਕਰਦਾ ਹੈ। ਉਸ ਅਨੁਸਾਰ ਤੱਤ-ਵਿਗਿਆਨ ਦੀ ਭਾਸ਼ਾ ਸਵੈ-ਵਿਰੋਧੀ ਅਤੇ ਉਲਝਾਉਣ ਵਾਲੀ ਹੈ। ਉਸ ਅਨੁਸਾਰ ਤੱਤ-ਵਿਗਿਆਨ ਦੀਆਂ ਜਿੰਨੀਆਂ ਵੀ ਸਮੱਸਿਆਵਾਂ ਹਨ ਉਹ ਚੇਤਨ ਜਾਂ ਅਚੇਤਨ ਤੌਰ ਤੇ ਸ਼ੁਧ ਅਤੇ ਸਪੱਸ਼ਟ ਭਾਸ਼ਾ ਦਾ ਨਿਰਾਦਰ ਹਨ। ਇਸ ਲਈ ਭਾਸ਼ਾ ਦਾ ਨਿਰਾਦਰ ਕਰਨ ਵਾਲੇ ਅਜਿਹੇ ਵਿਸ਼ੇ ਨੂੰ ਸੁਤੰਤਰ ਹੱਕ ਨਹੀਂ ਦੇਣਾ ਚਾਹੀਦਾ।

**2.5.2.4 ਭਾਸ਼ਾ ਦਰਸ਼ਨ :** ਆਧੁਨਿਕ ਤਾਰਕਿਕ ਪ੍ਰਤੱਖਵਾਦੀਆਂ ਨੂੰ ਦਾਰਸ਼ਨਿਕਾਂ ਦਾ ਧਿਆਨ ਭਾਸ਼ਾ ਵੱਲ ਦੁਆਇਆ ਹੈ। ਕਿਉਂਕਿ ਉਹ ਸੋਚਦੇ ਹਨ ਕਿ ਬਹੁਤ ਸਾਰੀਆਂ ਦਾਰਸ਼ਨਿਕ ਸਮੱਸਿਆਵਾਂ ਭਾਸ਼ਾ ਨਾਲ ਸੰਬੰਧਤ ਹਨ।

ਉਹਨਾਂ ਸਮੱਸਿਆਵਾਂ ਦਾ ਹੱਲ ਵੀ ਸ਼ਬਦਾਂ ਮਨੌਤਾਂ ਅਤੇ ਪਦਾਂ ਦਾ ਭਾਸ਼ਾਗਤ ਵਿਸ਼ਲੇਸ਼ਣ ਦੁਆਰਾ ਕੀਤਾ ਜਾ ਸਕਦਾ ਹੈ। ਭਾਸ਼ਾ-ਦਰਸ਼ਨ ਦੀ ਮੁੱਖ ਸਮੱਸਿਆ ਅਰਥਾਂ ਨੂੰ ਸਪੱਸ਼ਟ ਕਰਨਾ ਹੈ ਪਰੰਤੂ ਮੁੱਖ ਪ੍ਰਸ਼ਨ ਇਹ ਹੈ ਕਿ ਅਰਥ ਕੀ ਹੈ? ਇਸ ਸਮੱਸਿਆ ਨਾਲ ਤਾਰਕਿਕ ਪ੍ਰਤੱਖਵਾਦੀ ਜੂਝਦੇ ਰਹੇ ਹਨ। ਇਹਨਾਂ ਅਨੁਸਾਰ ਕਿਸੇ ਸ਼ਬਦ ਦਾ ਅਰਥ ਉਹ ਵਸਤੂ ਹੈ ਜਿਸਨੂੰ ਉਹ ਪ੍ਰਗਟ ਕਰਦਾ ਹੈ। ਸ਼ਬਦ ਉਸ ਵਸਤੂ ਦਾ ਪ੍ਰਤੀਕ ਹੁੰਦਾ ਹੈ। ਪ੍ਰਤੀਕ ਜਿਸਦਾ ਚਿੰਨ੍ਹ ਉਹ ਵਸਤੂ, ਗੁਣ, ਕਿਰਿਆ ਜਾਂ ਸੰਬੰਧ ਹੋ ਸਕਦਾ ਹੈ ਮਿਸਾਲ ਵਜੋਂ 'ਘੋੜਾ' ਸ਼ਬਦ ਦਾ ਅਰਥ ਉਹ ਪਸ਼ੂ ਹੈ ਜਿਸਨੂੰ 'ਘੋੜਾ' ਆਖਦੇ ਹਨ। ਕੁਰਸੀ ਦਾ ਅਰਥ ਵਸਤੂ (ਕੁਰਸੀ) ਹੈ। ਕਿਸੇ ਵਸਤੂ ਦਾ ਪ੍ਰਤੀਕ ਕੀ ਹੈ? ਇਹ ਮਨੁੱਖ ਦੇ ਸਿੱਖਣ ਉਤੇ ਨਿਰਭਰ ਕਰਦਾ ਹੈ ਅਤੇ ਇਹ ਸਮਾਜ ਅਤੇ ਉਸਦੀ ਭਾਸ਼ਾ ਦੇ ਅਨੁਸਾਰ ਪਈ ਆਦਤ ਅਤੇ ਪ੍ਰਥਾ ਤੇ ਨਿਰਭਰ ਕਰਦਾ ਹੈ। ਸ਼ਬਦ ਅਤੇ ਉਸਦੇ ਅਰਥ ਵਿੱਚ ਨੈਸਰਗਿਕ ਸਬੰਧ ਨਹੀਂ ਹੈ ਜਿਵੇਂ ਕਿ ਅਕਸਰ ਲੋਕ ਸਮਝਦੇ ਹਨ। ਚਾਕੂ ਦਾ ਅਰਥ ਸੁਭਾਲ ਨਾਲ ਕੱਟਣ ਦਾ ਯੰਤਰ ਨਹੀਂ ਸਗੋਂ ਇਹ ਸਬੰਧ ਸਿਖਿਆ ਗਿਆ ਹੈ। ਜੇਕਰ ਮੇਜ਼ ਨੂੰ ਕੁਰਸੀ ਅਤੇ ਕੁਰਸੀ ਨੂੰ ਮੇਜ਼ ਆਖਣਾ ਸ਼ੁਰੂ ਕਰ ਦਿੱਤਾ ਜਾਵੇ ਤਾਂ ਉਹਨਾਂ ਦੇ ਅਰਥਾਂ ਵਿਚ ਕੋਈ ਅੰਤਰ ਨਹੀਂ ਪਵੇਗਾ। ਇਸਦਾ ਸਿੱਧਾ ਪ੍ਰਭਾਵ ਸਾਡੀ ਆਦਤ ਉਪਰ ਪਵੇਗਾ। ਕੁਝ ਦੇਰ ਮਗਰੋਂ ਆਦਤ ਪੈਣ ਤੇ ਇਹ ਠੀਕ ਹੋ ਜਾਵੇਗਾ। ਸੰਪੂਰਨ ਭਾਸ਼ਾ ਪ੍ਰਣਾਲੀ ਹੈ ਜੋ ਆਦਤ ਅਤੇ ਪ੍ਰਥਾ ਦੇ ਆਧਾਰ ਤੇ ਸਿੱਖੀ ਜਾਂਦੀ ਹੈ।

ਭਾਸ਼ਾ ਦੋ ਪ੍ਰਕਾਰ ਦੀ ਹੁੰਦੀ ਹੈ- (1) ਸੰਕੇਤਕ ਭਾਸ਼ਾ ਅਤੇ (2) ਸ਼ਬਦ ਭਾਸ਼ਾ। ਸੰਕੇਤ ਦੁਆਰਾ ਵੀ ਇਕ ਵਿਅਕਤੀ ਦੂਜੇ ਵਿਅਕਤੀ ਤਕ ਆਪਣੇ ਵਿਚਾਰ ਪਹੁੰਚਾ ਸਕਦਾ ਹੈ ਜਿਵੇਂ ਨਹੀਂ ਦੇ ਲਈ ਉਹ ਸਿਰ ਹਿਲਾ ਦਿੰਦਾ ਹੈ, ਚੁੱਪ ਰਹਿਣ ਲਈ ਬੁਲ੍ਹਾਂ ਉਪਰ ਉੱਗਲੀ ਰੱਖ ਦਿੰਦਾ ਹੈ। ਸੰਕੇਤਕ ਭਾਸ਼ਾ ਦੀਆਂ ਸੀਮਾਵਾਂ ਹਨ ਜਿਵੇਂ ਹਨੇਰੇ ਵਿਚ ਇਸਦਾ ਪ੍ਰਯੋਗ ਨਹੀਂ ਕੀਤਾ ਜਾ ਸਕਦਾ। ਇਸ ਲਈ ਮਨੁੱਖ ਨੇ ਸ਼ਬਦ-ਭਾਸ਼ਾ ਦਾ ਪ੍ਰਯੋਗ ਕੀਤਾ, ਜਿਸ ਵਿਚ ਸ਼ਬਦਾਂ ਨੂੰ ਬੋਲਿਆ ਜਾਂਦਾ ਹੈ ਅਤੇ ਉਹ ਆਵਾਜ਼ਾਂ ਦਾ ਰੂਪ ਧਾਰਨ ਕਰਦੇ ਹਨ। ਜਿਵੇਂ ਖ਼ਤਰੇ ਵਿਚ ਮੁਰਗੀ ਅਜਿਹੀ ਆਵਾਜ਼ ਕੱਢਦੀ ਹੈ ਕਿ ਉਸਦੇ ਬੱਚੇ ਸੁਣਕੇ ਭੱਜ ਜਾਂਦੇ ਹਨ। ਸ਼ਬਦਾਂ ਦਾ ਵਿਕਾਸ ਮਨੁੱਖ ਦੇ ਭਿੰਨ-ਭਿੰਨ ਵਾਕ ਅੰਗਾਂ ਦੁਆਰਾ ਕੱਢੀਆਂ ਆਵਾਜ਼ਾਂ ਨਾਲ ਹੁੰਦਾ ਹੈ ਜਿਵੇਂ ਕੁਝ ਗਲੇ ਤੋਂ ਕੁਝ ਦੰਦ ਤੋਂ ਕੋਈ ਜੀਭ ਤੋਂ, ਕੋਈ ਤਾਲੂ ਤੋਂ ਆਦਿ। ਕਿਹੜਾ ਸ਼ਬਦ ਕਿਸ ਵਸਤੂ ਲਈ ਚੁਣਿਆ ਜਾਂਦਾ ਹੈ, ਇਹ ਸਭਿਆਚਾਰ ਅਤੇ ਪਰਿਵਾਰ ਦੀ ਭਾਸ਼ਾ ਤੇ ਨਿਰਭਰ ਕਰਦਾ ਹੈ। ਪੰਜਾਬੀ ਪਰਿਵਾਰ ਵਿਚ ਰਹਿਕੇ ਬੱਚੇ ਪੰਜਾਬੀ ਸਿੱਖਦਾ ਹੈ, ਜਰਮਨ ਪਰਿਵਾਰ ਵਿਚ ਉਹੀ ਬੱਚਾ ਜਰਮਨ ਭਾਸ਼ਾ ਸਿੱਖੇਗਾ।

ਭਾਸ਼ਾ ਦੇ ਅਨੇਕ ਕਾਰਜ ਹਨ। ਪਹਿਲਾ ਕੰਮ ਮਨੁੱਖ ਦੇ ਗਿਆਨ ਨੂੰ ਸ਼ਬਦਾਂ ਅਤੇ ਵਾਕਾਂ ਦੁਆਰਾ ਪ੍ਰਗਟ ਕਰਨ। ਇਹ ਇਸਦਾ ਗਿਆਨਾਤਮਕ ਕੰਮ ਹੈ। ਦੂਜਾ ਕੰਮ ਅਨੁਭੂਤੀਆਂ ਅਤੇ ਮਨੋਵੇਗਾਂ ਨੂੰ ਪ੍ਰਗਟ ਕਰਨਾ ਜੋ ਇਸਦਾ ਭਾਵਾਤਮਕ ਕੰਮ ਹੈ। ਤੀਜਾ ਕੰਮ ਆਦੇਸ਼ਾਂ ਨੂੰ ਦੂਜਿਆਂ ਤੱਕ ਪਹੁੰਚਾਣਾ ਹੈ ਜੋ ਇਸਦਾ ਆਦੇਸ਼ਾਤਮਕ ਹੈ। ਹਰੇਕ ਖੇਤਰ ਵਿੱਚ ਪ੍ਰਯੋਗ ਹੋਣ ਯੋਗ ਭਾਸ਼ਾ ਅਨੋਖੇ ਗੁਣ ਰੱਖਦੀ ਹੈ ਜਿਵੇਂ ਦਰਸ਼ਨ ਦੀ ਭਾਸ਼ਾ ਕੁਝ ਹੈ। ਜੋ ਵਿਗਿਆਨ ਨਾਲ ਨਹੀਂ ਮਿਲਦੀ। ਅਨੇਕਾਂ ਭਾਸ਼ਾਵਾਂ ਹਨ। ਹਰੇਕ ਸ਼ਾਸਤਰ ਦੀ ਆਪਣੀ ਵੱਖਰੀ ਭਾਸ਼ਾ ਹੈ।

ਤਾਰਕਿਕ ਪ੍ਰਤੱਖਵਾਦੀ ਚਾਹੁੰਦੇ ਹਨ ਕਿ ਦਰਸ਼ਨ ਸ਼ਾਸਤਰ ਵਿੱਚ ਭਾਸ਼ਾ ਲਈ ਪਹਿਲੀ ਜ਼ਰੂਰੀ ਗੱਲ ਇਹ ਹੈ ਕਿ ਇਸਨੂੰ ਸ਼ਬਦਾਂ ਵਿਚ ਅੰਤਰ ਕਰਨਾ ਚਾਹੀਦਾ ਹੈ। ਉਹ ਸ਼ਬਦ ਜੋ ਕਿਸੇ ਅਸਲੀ ਵਸਤੂ ਨੂੰ ਪ੍ਰਗਟ ਕਰਦੇ ਹਨ, ਉਹ ਵਸਤੂ-ਸ਼ਬਦ ਹਨ ਅਤੇ ਜੋ ਅਸਲੀ ਵਸਤੂ ਨੂੰ ਪ੍ਰਗਟ ਨਹੀਂ ਕਰਦੇ, ਉਹ ਵਸਤੂਹੀਣ-ਸ਼ਬਦ ਹਨ। ਜਿਵੇਂ 'ਪਹਾੜ' ਸ਼ਬਦ ਵਸਤੂ-ਸ਼ਬਦ ਹੈ ਪਰੰਤੂ 'ਈਸ਼ਵਰ' ਵਸਤੂਹੀਣ-ਸ਼ਬਦ ਹੈ ਕਿਉਂਕਿ ਇਹ ਕਿਸੇ ਪ੍ਰਤੱਖ ਵਸਤੂ ਨੂੰ ਪ੍ਰਗਟ ਨਹੀਂ ਕਰ ਰਿਹਾ ਹੈ। ਤਾਰਕਿਕ ਪ੍ਰਤੱਖਵਾਦੀਆਂ ਅਨੁਸਾਰ ਜੋ ਵਾਕ ਉਹਨਾਂ ਦੀ 'ਜਾਂਚ ਪੜਤਾਲ ਯੋਗਤਾ' ਦੀ ਕਸੌਟੀ ਉਪਰ ਪੂਰਾ ਉਤਰਦਾ ਹੈ, ਉਹੀ ਸਾਰਥਕ ਹੈ, ਨਹੀਂ ਤਾਂ ਉਹ ਨਿਰਾਰਥਕ' ਜੇ ਇਸ ਕਸੌਟੀ ਨੂੰ ਦਰਸ਼ਨ ਸ਼ਾਸਤਰ ਦੀ ਸ਼ਾਖਾ, ਤੱਤ-ਵਿਗਿਆਨ ਉਪਰ ਲਾਗੂ ਕਰੀਏ ਤਾਂ ਸਾਰਾ ਪ੍ਰਥਾਗਤ ਦਰਸ਼ਨ ਨਿਰਾਰਥਕ ਸਿੱਧ ਹੁੰਦਾ ਹੈ। ਅਜਿਹਾ ਕੋਈ ਵੀ

ਤੱਥ ਜਾਂ ਕਥਨ ਨਹੀਂ ਜਿਸਦੀ ਅਨੁਭਵ ਦੁਆਰਾ ਜਾਂਚ-ਪੜਤਾਲ ਕੀਤੀ ਜਾ ਸਕੇ। ਪ੍ਰਤੱਖਵਾਦੀਆਂ ਅਨੁਸਾਰ ਕੇਵਲ ਵਿਗਿਆਨ ਹੀ ਅਸਲੀਅਤ ਦੇ ਨਾਲ ਸੰਬੰਧ ਰੱਖਦਾ ਹੈ। ਉਹਨਾਂ ਅਨੁਸਾਰ ਇਕ ਸ਼ਬਦ ਦਾ ਕੇਵਲ ਇਕ ਹੀ ਨਿਸ਼ਚਿਤ ਅਰਥ ਹੋਣਾ ਚਾਹੀਦਾ ਹੈ। ਜੀ.ਈ.ਮੂਰ ਅਨੁਸਾਰ ਪ੍ਰਚਲਿੱਤ ਸਾਧਾਰਨ ਭਾਸ਼ਾ ਹੀ ਠੀਕ ਰਹੇਗੀ ਪਰੰਤੂ ਕਾਰਨੈੱਪ ਅਨੁਸਾਰ ਸਾਧਾਰਨ ਭਾਸ਼ਾ ਇਸਦੇ ਸਮਰੱਥ ਨਹੀਂ, ਇਸ ਲਈ ਇਕ ਆਦਰਸ਼ ਭਾਸ਼ਾ ਦਾ ਨਿਰਮਾਣ ਕਰਨਾ ਚਾਹੀਦਾ ਹੈ। ਵਿਟਗੇਨਸੇਟਾਈਨ ਆਖਦਾ ਹੈ ਕਿ ਦਾਰਸ਼ਨਿਕ ਸਮੱਸਿਆਵਾਂ ਸ਼ਾਬਦਿਕ ਹਨ ਅਤੇ ਉਹਨਾਂ ਵਿਚ ਅਰਥਾਂ ਦੀ ਗੜਬੜ ਹੈ ਜਿਸਨੂੰ ਦੂਰ ਕਰਨ ਦੀ ਲੋੜ ਹੈ।

**2.5.2.5 ਮੁੱਲਾਂ ਦਾ ਸੰਵੇਗਾਤਮਕ ਸਿਧਾਂਤ :** ਤਾਰਕਿਕ ਪ੍ਰਤੱਖਵਾਦੀਆਂ ਦਾ ਵਿਚਾਰ ਹੈ ਕਿ ਮੁੱਲ-ਤਰਕ ਵਾਕ ਰੂਪ ਵਿਚ ਕਦੇ ਵੀ ਸ਼ੰਸ਼ਲੇਸ਼ਣਾਤਮਕ ਨਹੀਂ ਹੋ ਸਕਦੇ ਕਿਉਂਕਿ ਮੁੱਲ-ਵਾਕ ਤੱਥ ਦੇ ਬਾਰੇ ਵਿਚ ਕੋਈ ਕਥਨ ਪੇਸ਼ ਨਹੀਂ ਕਰਦੇ ਜਿਸਦੀ ਪ੍ਰਤੱਖ ਦੇ ਆਧਾਰ ਤੇ ਪਰੀਖਿਆ ਕੀਤਾ ਜਾ ਸਕੇ ਜਿਵੇਂ ਉਹ ਭਲਾ ਇਨਸਾਨ ਹੈ ਜਾਂ ''ਗੁਰੂ ਗ੍ਰੰਥ ਸਾਹਿਬ ਪਵਿੱਤਰ ਪੁਸਤਕ ਹੈ'' ਆਦਿ ਤੱਥਾਤਮਕ ਨਾ ਹੋ ਕੇ ਸੰਵੇਗਾਤਮਕ ਹਨ। ਅਜਿਹੇ ਤਰਕ ਵਾਕ ਉਸ ਸਮੇਂ ਪੈਦਾ ਹੁੰਦੇ ਹਨ ਜਦੋਂ ਮਨੁੱਖ ਦੇ ਸੰਵੇਗ ਸਿਖਰ ਤੇ ਹੁੰਦੇ ਹਨ। ਮੁੱਲ ਕੋਈ ਤੱਥ ਨਹੀਂ ਬਲਕਿ ਸੰਵੇਗਾਂ ਦੀਆਂ ਭਾਵਨਾਵਾਂ ਜਾਂ ਅਨੁਭੂਤੀਆਂ ਨੂੰ ਉਜਾਗਰ ਕਰਨ ਦੀਆਂ ਵਿਧੀਆਂ ਹਨ। ਹੁਣ ਪ੍ਰਸ਼ਨ ਉੱਠਦਾ ਹੈ ਕਿ ਮੁੱਲ ਤਰਕ ਵਾਕ ਕਿਸ ਅਰਥ ਦੇ ਕਥਨ ਹਨ? ਪ੍ਰਤੱਖਵਾਦੀਆਂ ਅਨੁਸਾਰ ਮੁੱਲ ਤਰਕ ਵਾਕ ਮਨੁੱਖ ਦੀ ਇਕ ਵਸਤੂ ਦੇ ਬਾਰੇ ਸੰਵੇਗਾਤਮਕ ਪ੍ਰਤੀਕਿਰਿਆਵਾਂ ਨੂੰ ਪ੍ਰਗਟ ਕਰਦੇ ਹਨ। ਕਾਰਨੈਪ ਅਨੁਸਾਰ ਸਾਰੇ ਮੁੱਲ ਤਰਕ ਵਾਕ ਨਿਰਆਰਥਕ ਹਨ ਕਿਉਂਕਿ ਇਹਨਾਂ ਨਾਲ ਸੰਬੰਧਤ ਕਥਨ ਅਪੂਰਨ ਹੁੰਦੇ ਹਨ। ਕਈ ਲੋਕਾਂ ਦਾ ਵਿਚਾਰ ਹੈ ਕਿ ਮੁੱਲ ਕਿਸੇ ਸਰਵ-ਵਿਆਪਕ ਅਖੌਤਾਂ ਉਪਰ ਆਧਾਰਿਤ ਹੁੰਦੇ ਹਨ ਪਰ ਪ੍ਰਤੱਖਵਾਦੀਆਂ ਅਨੁਸਾਰ ਅਜਿਹਾ ਨਹੀਂ ਹੁੰਦਾ। ਸਗੋਂ ਸੰਵੇਗਾਂ ਦੀ ਉਤੇਜਨਾ ਅਜਿਹੇ ਤਰਕ ਵਾਕ ਪੈਦਾ ਕਰਦੀ ਹੈ। ਇੰਜ ਇਹ ਸਿੱਟਾ ਨਿਕਲਦਾ ਹੈ ਕਿ ਸੰਪੂਰਨ ਮੁੱਲ-ਮੀਮਾਂਸਾ ਗਲਤ ਹੈ ਅਤੇ ਇਸ ਦੀਆਂ ਸਾਰੀਆਂ ਸ਼ਾਖਾਵਾਂ ਜਿਵੇਂ ਨੀਤੀ ਸ਼ਾਸ਼ਤਰ ਰਾਜਨੀਤੀ, ਧਰਮ, ਸੌਦਰਯ ਸ਼ਾਸ਼ਤਰ ਆਦਿ ਬੇਹੂਦਾ ਬਣ ਜਾਣਗੀਆਂ।

### 2.5.6 ਤਾਰਕਿ ਪ੍ਰਤੱਖਵਾਦ ਦੀ ਆਲੋਚਨਾ :

ਬੇਸ਼ਕ ਤਾਰਕਿਕ ਪ੍ਰਤੱਖਵਾਦ ਇਕ ਵਿਗਿਆਨਕ ਦ੍ਰਿਸ਼ਟੀਕੋਣ ਦਾ ਜਨਮ-ਦਾਤਾ ਰਿਹਾ ਹੈ ਪਰੰਤੂ ਫਿਰ ਵੀ ਇਸ ਦੀਆਂ ਕੀਤੀਆਂ ਗਲਤੀਆਂ ਕਾਰਣ ਇਸਨੂੰ ਸੰਪੂਰਨ ਵਿਚਾਰਧਾਰਾ ਦਾ ਨਾਮ ਨਹੀਂ ਦਿੱਤਾ ਜਾ ਸਕਦਾ। ਇਸਦੀ ਹੇਠ ਲਿਖੇ ਤੱਤਾਂ ਦੇ ਆਧਾਰ ਤੇ ਆਲੋਚਨਾ ਕੀਤੀ ਗਈ ਹੈ।

### 1. ਕੇਵਲ ਤੱਥਾਤਮਕ ਤਰਕ ਵਾਕ ਹੀ ਜੀਵਨ ਵਿਚ ਸਭ ਕੁਝ ਨਹੀਂ ਹੁੰਦੇ :

ਤਾਰਕਿਕ ਪ੍ਰਤੱਖਵਾਦੀਆਂ ਦਾ ਇਹ ਦਾਅਵਾ ਕਿ ਗਿਆਨ ਕੇਵਲ ਤੱਥਾਤਮਕ ਹੀ ਹੁੰਦਾ ਹੈ, ਜੀਵਨ ਲਈ ਕਾਫ਼ੀ ਨਹੀਂ ਹੈ ਕਿਉਂਕਿ ਮਨੁੱਖ ਕੇਵਲ ਬੋਧਿਕ ਪ੍ਰਾਣੀ ਹੀ ਨਹੀਂ, ਉਸਦੇ ਜੀਵਨ ਦੇ ਕਈ ਪੱਖ ਹਨ ਜਿਵੇਂ ਸੰਵੇਗ, ਇਛਾਵਾਂ, ਵਿਸ਼ਵਾਸ ਆਦਿ। ਇਹਨਾਂ ਸਾਰਿਆਂ ਦੀ ਵਿਆਖਿਆ ਤੱਥਾਤਮਕ ਤੌਰ ਤੇ ਨਹੀਂ ਹੋ ਸਕਦੀ। ਇਸਤੋਂ ਇਲਾਵਾਂ ਮਨੁੱਖ ਦਾ ਸਾਰਾ ਗਿਆਨ ਵੀ ਤੱਥਾਤਮਕ ਨਹੀਂ ਹੋ ਸਕਦਾ। ਸਰਵ ਵਿਆਪਕ ਤਰਕ ਵਾਕ ਅਮੂਰਤ ਅਤੇ ਅਪ੍ਰਤੱਖ ਹੁੰਦੇ ਹਨ ਪਰ ਇਸਦਾ ਅਰਥ ਇਹ ਨਹੀਂ ਕਿ ਉਹ ਸਾਡੇ ਵਿਆਪਕ ਤਰਕ ਵਾਕ ਅਮੂਰਤ ਅਤੇ ਅਪ੍ਰਤੱਖ ਹੁੰਦੇ ਹਨ ਪਰ ਇਸਦਾ ਅਰਥ ਇਹ ਨਹੀਂ ਕਿ ਉਹ ਸਾਡੇ ਗਿਆਨ ਵਿਚ ਹਿੱਸਾ ਨਹੀਂ ਪਾਉਂਦੇ। ਪ੍ਰਤੱਖਵਾਦੀਆਂ ਅਨੁਸਾਰ ਤਾਂ ਬੁਧੀਵਾਦੀਆਂ ਅਤੇ ਆਦਰਸ਼ਵਾਦੀਆਂ ਦਾ ਦਰਸ਼ਨ ਬੇਹੁਦਾ ਹੈ ਪਰ ਡੇਕਾਰਟੇ ਅਤੇ ਸਪਿਨੋਜ਼ਾ ਨੇ ਨਾਲ ਜੋੜਨਾ ਹੈ। ਨਿਸ਼ਚਿਤ ਅਤੇ ਸਪੱਸ਼ਟ ਸੱਚ ਨੂੰ ਚੁਣਿਆ। ਪ੍ਰਤੱਖਵਾਦੀਆਂ ਦਾ ਜਾਂਚ ਪੜਤਾਲ ਦੀ ਕਸੌਟੀ ਆਮ ਇਕ ਤੱਤ-ਵਿਗਿਆਨਕ ਕਥਨ ਹੈ।

**2. ਦਰਸ਼ਨ ਸ਼ਾਸ਼ਤਰ ਦੇ ਨਵੇਂ ਰੋਲ ਦੀ ਅਨੁੱਚਿਤ ਵਿਆਖਿਆ :**

ਤਾਰਕਿਕ ਪ੍ਰਤੱਖਵਾਦੀਆਂ ਦੇ ਜਾਂਚ ਪੜਤਾਲ ਦੀ ਕਸੌਟੀ ਨੇ ਦਰਸ਼ਨ ਸ਼ਾਸ਼ਤਰ ਦਾ ਨਵਾਂ ਰੋਲ ਦਰਸਾਇਆ ਹੈ ਜੋ ਬੇਹੱਦ ਹੀ ਨਾ-ਸਮਝੀ ਦਾ ਸਬੂਤ ਹੈ। ਦਰਸ਼ਨ ਸ਼ਾਸ਼ਤਰ ਦਾ ਇਕ ਉੱਚਤਮ ਵਿਸ਼ਾ ਹੈ ਜਿਸਦਾ ਕੰਮ ਤੱਥਾਂ ਦੀ ਖੋਜ ਕਰਨੀ ਨਹੀਂ ਬਲਕਿ ਮਨੁੱਖ ਸਮਝ ਦੀ ਹਰ ਪਹੁੰਚ ਤਕ ਪਹੁੰਚਣਾ ਅਤੇ ਜੀਵਨ ਸੁਧਾਰ ਸਬੰਧੀ ਉਪਰਾਲਿਆਂ ਦਾ ਸੁਝਾਅ ਦੇਣਾ ਹੈ। ਇਸ ਮਹੱਤਤਾ ਨੂੰ ਅੱਖੋਂ ਉਹਲੇ ਕਰਕੇ ਤਾਰਕਿਕ ਪ੍ਰਤੱਖਵਾਦੀਆਂ ਨੇ ਕਾਫ਼ੀ ਵੱਡੀ ਗਲਤੀ ਕੀਤੀ ਹੈ। ਜੋ ਭਾਸ਼ਾ ਨੂੰ ਨਿਖਾਰਨ ਦਾ ਕੰਮ ਹੈ, ਉਹ ਕੇਵਲ ਭਾਸ਼ਾ-ਵਿਗਿਆਨ ਦਾ ਹੈ, ਦਰਸ਼ਨ ਸ਼ਾਸ਼ਤਰ ਦਾ ਨਹੀਂ।

**3. ਵਿਸ਼ਲੇਸ਼ਣਾਤਮਕ ਵਿਧੀ ਕਾਫ਼ੀ ਨਹੀਂ :**

ਪ੍ਰਤੱਖਵਾਦੀਆਂ ਦਾ ਕੇਵਲ ਅਤੇ ਕੇਵਲ ਵਿਸ਼ਲੇਸ਼ਣਾਤਮਕ ਵਿਧੀ ਨੂੰ ਮੰਨਣਾ, ਗਲਤ ਹੈ, ਕਿਉਂਕਿ ਗਿਆਨ ਦੋਹਾਂ ਵਿਧੀਆਂ-ਵਿਸ਼ਲੇਸ਼ਣਾਤਮਕ ਵਿਧੀ ਅਤੇ ਸੰਸ਼ਲੇਸ਼ਣਾਤਮਕ ਵਿਧੀ, ਵਿਚੋਂ ਗੁਜ਼ਰਦਾ ਹੈ। ਹਰ ਵਿਸ਼ੇ ਦੇ ਭਾਗਾਂ ਦਾ ਵਿਸ਼ਲੇਸ਼ਣ ਕਰਕੇ, ਬਾਅਦ ਵਿਚ ਫਿਰ ਉਹਨਾਂ ਨੂੰ ਜੋੜਨਾ ਪੈਂਦਾ ਹੈ, ਤਦ ਹੀ ਸਹੀ ਗਿਆਨ ਪ੍ਰਾਪਤ ਹੁੰਦਾ ਹੈ ਕੋਈ ਵਿਸ਼ਾ ਤਦ ਹੀ ਅਸਲੀ ਅਰਥ ਦੱਸ ਸਕਦਾ ਹੈ ਜੇ ਉਸਨੂੰ ਪੂਰਨ ਰੂਪ ਵਿਚ ਵੇਖਿਆ ਜਾਵੇ।

**4. ਜਾਂਚ ਪੜਤਾਲ ਨਿਯਮ ਦੀਆਂ ਸੀਮਾਵਾਂ :**

ਜਿਸ ਤਰ੍ਹਾਂ ਅਨੁਭਵਵਾਦ ਦੀਆਂ ਆਪਣੀਆਂ ਸੀਮਾਵਾਂ ਹਨ ਅਤੇ ਉਹ ਖੁਦ ਮੰਨਦੇ ਹਨ ਕਿ ਅਨੁਭਵ ਰਾਹੀਂ ਪ੍ਰਾਪਤ-ਗਿਆਨ ਕੇਵਲ ਸੰਭਾਵੀ ਹੁੰਦਾ ਹੈ, ਨਿਸ਼ਚਿਤ ਨਹੀਂ ਹੁੰਦਾ। ਉਂਜ ਹੀ ਜਾਂਚ ਪੜਤਾਲ ਦਾ ਨਿਯਮ ਵੀ ਸੰਭਾਵਿਤ ਅਨੁਮਾਨ ਉਪਰ ਟਿਕਿਆ ਹੋਇਆ ਹੈ। ਹਰੇਕ ਗਿਆਨ ਇੰਦਰੀ ਦੀ ਆਪਣੀ ਇਕ ਸੀਮਾ ਹੈ, ਉਸ ਤੋਂ ਪਰੇ ਗਿਆਨ ਸੰਭਵ ਨਹੀਂ ਹੁੰਦਾ। ਏਸੇ ਤਰ੍ਹਾਂ ਜਾਂਚ ਪੜਤਾਲ ਦਾ ਨਿਯਮ ਜੋ ਪ੍ਰਤੱਖ ਅਨੁਭਵ ਉਪਰ ਆਧਾਰਿਤ ਹੈ, ਕਿਵੇਂ ਸਹੀ ਹੋ ਸਕਦਾ ਹੈ।

**5. ਤੱਤ-ਵਿਗਿਆਨ ਦੀ ਸੰਭਵਤਾ :**

ਤੱਤ-ਵਿਗਿਆਨ ਕਦੇ ਵੀ ਅਸੰਭਵ ਨਹੀਂ ਹੋ ਸਕਦਾ। ਐਫ.ਐਚ ਬ੍ਰੇਡਲੇ ਦਾ ਕਥਨ ਹੈ ਕਿ ਜੋ ਤੱਤ-ਵਿਗਿਆਨ ਦੀ ਆਲੋਚਨਾ ਕਰਦਾ ਹੈ, ਉਹ ਆਪ ਤੱਤ-ਵਿਗਿਆਨ ਦਾ ਭਰਾ ਹੈ ਕਿਉਂਕਿ ਪ੍ਰਤੱਖ ਨੂੰ ਹੀ ਪ੍ਰਮਾਣ ਮੰਨਣਾ ਇਕ ਤੱਤ-ਵਿਗਿਆਨਕ ਅਨੁਮਾਨ ਹੈ। ਇਹ ਸਹੀ ਹੈ ਕਿ ਸਭ ਕੁਝ ਪ੍ਰਮਾਣ ਪ੍ਰਤੱਖ ਹੈ ਪਰ ਪ੍ਰਤੱਖ ਦੇ ਪ੍ਰਮਾਣ ਲਈ ਕੋਈ ਪ੍ਰਤੱਖਾਤਮਕ ਵਿਧੀ ਨਹੀਂ ਹੈ, ਇਹ ਤੱਤ-ਵਿਗਿਆਨਕ ਨਾ ਹੋਇਆ ਤਾਂ ਕੀ ਹੋਇਆ।

**6. ਮੁੱਲਾਂ ਦਾ ਸੰਵੇਗਾਤਮਕ ਸਿਧਾਂਤ :**

ਸਾਰੇ ਮੁੱਲ ਸੰਵੇਗਾਤਮਕ ਨਹੀਂ ਹੁੰਦੇ। ਹਰੇਕ ਮੁੱਲ ਨੂੰ ਅਪਨਾਉਣ ਤੋਂ ਪਹਿਲਾਂ ਵਿਅਕਤੀ ਬਾਰ-ਬਾਰ ਉਸ ਬਾਰੇ ਸੋਚਦਾ ਹੈ ਅਤੇ ਪ੍ਰਯੋਗ ਕਰਦਾ ਹੈ ਫਿਰ ਹੀ ਉਹਨਾਂ ਨੂੰ ਆਪਣੇ ਅਸੂਲ ਬਣਾਉਂਦਾ ਹੈ ਹੁਣ ਜੇਕਰ ਮੁੱਲ ਸੰਵੇਗਾਂ ਉੱਤੇ ਆਧਾਰਿਤ ਹਨ ਤਾਂ ਸੰਵੇਗ ਮਨੋਵਿਗਿਆਨ ਦੇ ਅਧਿਐਨ ਦਾ ਵਿਸ਼ਾ ਹਨ, ਅਤੇ ਮਨੋਵਿਗਿਆਨਕ ਇਕ ਵਿਗਿਆਨ ਹੈ ਜਿਸ ਵਿਚ ਪ੍ਰਯੋਗ ਰਾਹੀਂ ਸਿੱਟੇ ਕੱਢੇ ਜਾਂਦੇ ਹਨ। ਇੰਜ ਮੁੱਲ ਵੀ ਵਿਗਿਆਨਕ ਹੋ ਕੇ ਇਕ ਜਾਂਚ ਪੜਤਾਲ ਦਾ ਵਿਸ਼ਾ ਬਣ ਸਕਦੇ ਹਨ।

## 2.5.7 ਸਿੱਟਾ

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਤਾਰਕਿਕ ਪ੍ਰਤੱਖਵਾਦੀ ਸਾਨੂੰ ਤੱਥਾਤਮਕ ਗਿਆਨ ਵੱਲ ਪ੍ਰੇਰਿਤ ਕਰਦੇ ਹਨ। ਭਾਵੇਂ ਉਹਨਾਂ ਨੇ ਤੱਤ-ਵਿਗਿਆਨ ਜਿਹੇ ਵਿਸ਼ਿਆਂ ਨੂੰ ਨਕਾਰਿਆ ਹੈ ਪਰੰਤੂ ਦਰਸ਼ਨ ਸ਼ਾਸ਼ਤਰ ਕਿਸੇ ਵਿਅਕਤੀ-ਸਮੂਹ ਦੀ ਵਿਚਾਰਧਾਰਾ ਨਹੀਂ, ਇਹ ਸਦੀਆਂ ਤੋਂ ਚਲੀ ਆ ਰਹੀ ਪ੍ਰਥਾ ਹੈ ਜਿਸਨੇ ਇਤਿਹਾਸ ਦੇ ਹਰ ਮੋੜ ਤੇ ਮਨੁੱਖਤਾ

ਦਾ ਮਾਰਗ ਦਰਸ਼ਨ ਕੀਤਾ ਹੈ।

**2.5.8 ਪ੍ਰਸ਼ਨ : ਹੇਠ ਦਿੱਤਿਆਂ ਬਾਰੇ 50 ਅੱਖਰਾਂ ਵਿਚ ਲਿਖੋ :**

1. ਤਾਰਕਿਕ ਪ੍ਰਤੱਖਵਾਦ
2. ਜਾਂਚ ਪੜਤਾਲ ਦਾ ਨਿਯਮ
3. ਮਜ਼ਬੂਤ ਅਰਥ
4. ਕਮਜ਼ੋਰ ਅਰਥ
5. ਵਿਸ਼ਲੇਸ਼ਣਾਤਮਕ ਵਿਧੀ
6. ਤੱਤ-ਵਿਗਿਆਨ ਦਾ ਨਿਕਾਸ
7. ਭਾਸ਼ਾ ਦਾ ਦਰਸ਼ਨ ਸ਼ਾਸ਼ਤਰ

**ਵੱਡੇ ਪ੍ਰਸ਼ਨ :**

1. ਤਾਰਕਿਕ ਪ੍ਰਤੱਖ ਦੇ ਅਰਥ ਦੀ ਵਿਆਖਿਆ ਕਰੋ।
2. ਜਾਂਚ ਪੜਤਾਲ ਦੇ ਨਿਯਮ ਦਾ ਆਲੋਚਨਾਤਮਕ ਅਧਿਐਨ ਕਰੋ।
3. ਤਾਰਕਿਕ ਪ੍ਰਤੱਖਵਾਦੀ ਤੱਤ-ਵਿਗਿਆਨ ਦਾ ਨਿਕਾਸ ਕਿਵੇਂ ਕਰਦੇ ਹਨ? ਉਦਾਹਰਣਾਂ ਸਹਿਤ ਸਪੱਸ਼ਟ ਕਰੋ।
4. ਭਾਸ਼ਾ ਦੇ ਦਰਸ਼ਨ ਤੋਂ ਤੁਹਾਡਾ ਕੀ ਭਾਵ ਹੈ? ਸਪੱਸ਼ਟ ਕਰੋ।

**2.5.9 ਵਧੇਰੇ ਜਾਣਕਾਰੀ ਲਈ ਪਾਠ ਪੁਸਤਕਾਂ ਦੀ ਸੂਚੀ :**


1. AYER, A.J. Language : Truth and Logle, 2nd rev. ed; London : Gollanez 1946.
2. BLACK, MAX : Problems of Analysis. Ithaca : Cornell U Press, 1954.
3. JOAD, CYRIL E.M.A. : Critique of Logical Positiuism. Chicago U. of Chicago Press, 1950.
4. KRAFT, VICTOR : The Vienna Circle : The Origin of Nco-Positivism. Trans. by Arthur Pop New York : Philasophical Library, 1953.


Type Setting :
Department of Distance Education, Punjabi University, Patiala.